# ਪਾਠ 16 ਤਿੰਨ ਆਧੁਨਿਕ ਕਵਿਤਾਵਾਂ

## ਪਾਠ ਦੀ ਰੂਪ-ਰੇਖਾ


16.0 ਮਨੋਰਥ
16.1 ਭੂਮਿਕਾ
16.2 ''ਆਓ ਨੱਚੀਏ'' - ਪ੍ਰੋ: ਮੋਹਨ ਸਿੰਘ
16.2.1 ਕਵੀ ਤੇ ਕਵਿਤਾ
16.2.2 ਅਰਥ ਤੇ ਵਿਆਖਿਆ
16.2.3 ਵਿਸ਼ਾ ਤੇ ਕਲਾ
16.3 ''ਅੱਜ ਆਖਾਂ ਵਾਰਸ ਸ਼ਾਹ ਨੂੰ'' - ਅਮ੍ਰਿਤਾ ਪ੍ਰੀਤਮ
16.3.1 ਕਵੀ ਤੇ ਕਵਿਤਾ
16.3.2 ਅਰਥ ਤੇ ਵਿਆਖਿਆ
16.3.3 ਵਿਸ਼ਾ ਤੇ ਕਲਾ
16.4 ''ਅੱਖ ਕਾਸ਼ਨੀ'' - ਸ਼ਿਵ ਕੁਮਾਰ
16.4.1 ਕਵੀ ਤੇ ਕਵਿਤਾ
16.4.2 ਅਰਥ ਤੇ ਵਿਆਖਿਆ
16.4.3 ਵਿਸ਼ਾ ਤੇ ਕਲਾ
16.5 ਤਕਨੀਕੀ ਸ਼ਬਦਾਵਲੀ
16.6 ਸਹਾਇਕ ਪੁਸਤਕਾਂ
16.7 ਅਭਿਆਸਾਂ ਦੇ ਉੱਤਰ


## 16.0 ਮਨੋਰਥ

ਇਸ ਪਾਠ ਦਾ ਮਨੋਰਥ ਹੈ :

- ਤੁਹਾਡੇ ਵਿੱਚ ਆਧੁਨਿਕ ਪੰਜਾਬੀ ਕਵਿਤਾ ਲਈ ਦਿਲਚਸਪੀ ਪੈਦਾ ਕਰਨਾ
- ਕਵੀ ਤੇ ਕਵਿਤਾ ਬਾਰੇ ਜਾਣਕਾਰੀ ਦੇਣਾ
- ਕਵਿਤਾ ਦੇ ਅਰਥ ਦੱਸ ਕੇ ਉਸ ਦੇ ਸਹਿੱਤਕ ਗੁਣਾਂ ਬਾਰੇ ਚਰਚਾ ਕਰਨਾ

ਇਸ ਮੰਤਵ ਲਈ ਤਿੰਨ ਪ੍ਰਤਿਨਿਧ ਕਵਿਤਾਵਾਂ ਚੁਣੀਆਂ ਗਈਆਂ ਹਨ:

ੳ) ''ਆਓ ਨੱਚੀਏ'' - ਪ੍ਰੋ: ਮੋਹਨ ਸਿੰਘ
ਅ) ''ਅੱਜ ਆਖਾਂ ਵਾਰਸ ਸ਼ਾਹ ਨੂੰ'' - ਅਮ੍ਰਿਤਾ ਪ੍ਰੀਤਮ
ੲ) ''ਅੱਖ ਕਾਸ਼ਨੀ'' - ਸ਼ਿਵ ਕੁਮਾਰ

## 16.1 ਭੂਮਿਕਾ

ਪ੍ਰੋ: ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਤਿਨਿਧ ਕਵੀ ਹਨ। ਇਨ੍ਹਾਂ ਦੀ ਕਵਿਤਾ ਨਾਲ ਜਾਣਕਾਰੀ ਹੋਵੇ ਤਾਂ ਅੱਜ ਦੀ ਪੰਜਾਬੀ ਕਵਿਤਾ ਦੇ ਮੁਹਾਂਦਰੇ ਨਾਲ ਖ਼ਾਸੀ ਜਾਣ-ਪਛਾਣ ਹੋ ਜਾਂਦੀ ਹੈ ਇਸ ਲਈ ਅਸੀਂ ਇਸ ਪਾਠ ਵਿੱਚ ਇਨ੍ਹਾਂ ਤਿੰਨਾਂ ਪ੍ਰਤਿਨਿਧ ਆਧੁਨਿਕ ਕਵੀਆਂ ਦੀ ਇੱਕ-ਇੱਕ ਪ੍ਰਤਿਨਿਧ ਕਵਿਤਾ ਦੇ ਕੇ ਤੁਹਾਡੀ ਜਾਣ-ਪਛਾਣ, ਇੱਕ ਤਰ੍ਹਾਂ, ਸਮੁੱਚੀ ਆਧੁਨਿਕ ਪੰਜਾਬੀ ਕਵਿਤਾ ਨਾਲ ਕਰਵਾਵਾਂਗੇ। ਪਾਠ ਦੀ ਤਰਤੀਬ ਅਸੀਂ ਇਸ ਤਰ੍ਹਾਂ ਰੱਖੀ ਹੈ:

## 16.2 ''ਆਓ ਨੱਚੀਏ'' - ਪ੍ਰੋ: ਮੋਹਨ ਸਿੰਘ

ਇਸ ਕਵਿਤਾ ਦੇ ਅਧਿਐਨ ਲਈ ਅਸੀਂ ਕੁੱਝ ਭਾਗ ਬਣਾਏ ਹਨ ਤਾਂ ਜੋ ਤੁਸੀਂ ਇਸ ਦੇ ਸਾਰੇ ਪੱਖਾਂ ਨੂੰ ਚੰਗੀ ਤਰ੍ਹਾਂ ਸਮਝ ਸਕੋ।

### 16.2.1 ਕਵੀ ਤੇ ਕਵਿਤਾ

ਪ੍ਰੋ: ਮੋਹਨ ਸਿੰਘ (1905-1977) ਇੱਕ ਪ੍ਰਸਿੱਧ ਪੰਜਾਬੀ ਕਵੀ ਸੀ। ਉਸ ਨੇ ਪਹਿਲਾਂ ਰਵਾਇਤੀ ਰੰਗ-ਢੰਗ ਦੀ ਕਵਿਤਾ ਲਿਖੀ ਪਰ ਮਗਰੋਂ ਛੇਤੀ ਹੀ ਆਧੁਨਿਕ ਰੰਗ ਅਪਨਾ ਲਿਆ ਸੀ। ਉਸ ਨੇ ਰੁਮਾਂਟਿਕ ਤੇ ਪ੍ਰਗਤੀਵਾਦੀ ਕਵਿਤਾਵਾਂ ਲਿਖੀਆਂ ਅਤੇ ਆਧੁਨਿਕ ਪੰਜਾਬੀ ਕਵਿਤਾ ਨੂੰ ਨਵੇਂ ਮੋੜ ਉੱਤੇ ਲਿਆ ਖੜਾ ਕੀਤਾ। ਇਸ ਤੋਂ ਅਲਾਵਾ ਉਸ ਦੀਆਂ ਕਵਿਤਾਵਾਂ ਵਿੱਚ ਦੇਸ਼-ਪਿਆਰ ਤੇ ਸੰਸਾਰ ਅਮਨ ਵਰਗੇ ਜ਼ਰੂਰੀ ਵਿਸ਼ੇ ਵੀ ਪੇਸ਼ ਹੋਏ ਹਨ ਅਤੇ ਉਸ ਨੇ ਸਮਾਜਿਕ-ਨਾਬਰਾਬਰੀ ਤੇ ਔਰਤ ਨਾਲ ਅਨਿਆਂ ਵਿਰੁੱਧ ਆਵਾਜ਼ ਉਠਾ ਕੇ ਲੋਕਾਂ ਵਿੱਚ ਜਾਗ੍ਰਿਤੀ ਵੀ ਲਿਆਂਦ .।

ਪ੍ਰੋ: ਮੋਹਨ ਸਿੰਘ ਦਾ ਜਨਮ ਪਿੰਡ ਧਮਿਆਲ ਜ਼ਿਲਾ ਰਾਵਲਪਿੰਡੀ ਵਿੱਚ ਡਾ: ਜੋਧ ਸਿੰਘ ਦੇ ਘਰ 20 ਅਕਤੂਬਰ, 1905 ਈ: ਨੂੰ ਹੋਇਆ। ਉਹ ਕੁੱਝ ਸਮਾਂ ਖਾਲਸਾ ਕਾਲਜ ਅਮ੍ਰਿਤਸਰ ਵਿੱਚ ਫਾਰਸੀ ਪੜ੍ਹਾਉਣ ਦਾ ਕੰਮ ਕਰਦੇ ਰਹੇ, ਫਿਰ ਇਹ ਨੌਕਰੀ ਛੱਡ ਕੇ ਲਾਹੌਰ ਚਲੇ ਗਏ ਤੇ ਉੱਥੇ 1939 ਈ: ਵਿੱਚ 'ਪੰਜ ਦਰਿਆ' ਨਾਂ ਦਾ ਮਾਸਿਕ ਪੱਤਰ ਜਾਰੀ ਕਰ ਲਿਆ, ਜਿਸ ਨੇ ਪੰਜਾਬੀ ਲੇਖਕਾਂ ਨੂੰ ਬਹੁਤ ਉਤਸਾਹ ਦਿੱਤਾ। ਉਸ ਦੀਆਂ ਰਚਨਾਵਾਂ ਨੂੰ ਕਈ ਭਾਰਤੀ ਤੇ ਬਦੇਸ਼ੀ ਪੁਰਸਕਾਰ ਪ੍ਰਾਪਤ ਹੋਏ। ਉਸ ਦੇ 'ਵੱਡਾ ਵੇਲਾ' ਕਾਵਿ ਸੰਗ੍ਰਿਹ ਨੂੰ ਸਾਹਿੱਤ ਅਕਾਡਮੀ, ਦਿੱਲੀ ਦਾ ਅਤੇ 'ਜੈਮੀਰ' ਸੰਗ੍ਰਿਹ ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ ਸੀ।

ਮੋਹਨ ਸਿੰਘ ਦੇ ਲਗਪਗ ਸਾਰੇ ਕਾਵਿ-ਸੰਗ੍ਰਿਹ ਬਹੁਤ ਪ੍ਰਸਿੱਧ ਹੋਏ। ਉਸ ਦਾ ਪ੍ਰਸਿੱਧ ਕਾਵਿ-ਸੰਗ੍ਰਿਹ 'ਸਾਵੇ ਪੱਤਰ' 1936 ਈ: ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਨੇ ਉਸ ਨੂੰ ਇੱਕ ਦਮ ਬਹੁਤ ਪ੍ਰਸਿੱਧ ਕਰ ਦਿੱਤਾ। ਇਸ ਤੋਂ ਮਗਰੋਂ ਉਸ ਦਾ ਦੂਜਾ ਕਾਵਿ ਸੰਗ੍ਰਹਿ 'ਕੁਸੰਭੜਾ' 1939 ਈ: ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਇੱਕ ਪਾਸੇ ਉਹ ਕੋਝੀ ਸਮਾਜਿਕ ਸਥਿਤੀ ਦੀ ਆਲੋਚਨਾ ਕਰਦਾ ਹੈ ਤੇ ਦੂਜੇ ਪਾਸੇ ਕੌਮੀ ਅਜ਼ਾਦੀ, ਦੇਸ਼-ਪਿਆਰ ਤੇ ਸਾਂਝੀਵਾਤਾ ਦੇ ਗੀਤ ਗਾਉਂਦਾ ਹੈ।

''ਕੁਸੰਭੜਾ'' ਕਾਵਿ ਸੰਗ੍ਰਿਹ ਵਿੱਚ ''ਆਓ ਨੱਚੀਏ'' ਨਾਂ ਦੀ ਕਵਿਤਾ ਬਹੁਤ ਪ੍ਰਭਾਵਸ਼ਾਲੀ ਹੈ। ਇਸ ਵਿੱਚ ਉਹ ਦੇਸ਼ ਭਗਤੀ ਦੀ ਭਾਵਨਾ ਹੇਠ ਸਾਰੇ ਦੇਸ਼-ਵਾਸੀਆਂ ਨੂੰ ਇਕੱਠਿਆਂ ਹੋਣ ਦਾ ਸੁਨੇਹਾ ਦੇਂਦਾ ਹੈ। ਇਸ ਕਵਿਤਾ ਵਿੱਚ ਮੋਹਨ ਸਿੰਘ ਦੀ ਸਮਾਜਵਾਦੀ ਵਿਚਾਰ-ਧਾਰਾ ਉੱਛਲ-ਉੱਛਲ ਪੈਂਦੀ ਹੈ। ਮੋਹਨ ਸਿੰਘ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਮਾਜਿਕ ਵਾਤਾਵਰਨ ਨੂੰ ਬੌਧਿਕ ਦ੍ਰਿਸ਼ਟੀਕੋਣ ਤੋਂ ਪਰਖਦਾ ਹੈ ਅਤੇ ਉਸ ਦੀਆਂ ਕਵਿਤਾਵਾਂ ਵਿੱਚ ਅਗਾਂਹ-ਵਧੂ ਤੱਤ ਆ ਸ਼ਾਮਲ ਹੁੰਦੇ ਹਨ।

ਪ੍ਰੋ: ਮੋਹਨ ਸਿੰਘ ਨੇ 'ਆਓ ਨੱਚੀਏ' ਕਵਿਤਾ ਦੇਸ਼ ਦੀ ਗੁਲਾਮੀ ਦੇ ਦੁਖਦਾਈ ਪ੍ਰਭਾਵ ਹੇਠ ਲਿਖੀ। ਭਾਰਤ ਨੂੰ ਆਜ਼ਾਦ ਕਰਾਉਣ ਲਈ ਸਾਰੇ ਦੇਸ਼ਵਾਸੀ ਬੜੇ ਸਰਗਰਮ ਸਨ ਤੇ ਕਈ ਤਰ੍ਹਾਂ ਦੀਆਂ ਕੁਰਬਾਨੀਆਂ ਕਰ ਰਹੇ ਸਨ। ਕਵੀ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਜਿਹੜਾ ਵਿਚਾਰ ਦਿੱਤਾ ਉਹ ਸੀ ਸਾਰੇ ਭਾਰਤੀਆਂ ਵਿੱਚ ਏਕਾ ਤੇ ਸੰਗਠਨ। ਲੋਕਾਂ ਵਿੱਚ ਜਿੱਥੇ-ਜਿੱਥੇ ਵੀ ਵਿੱਥ ਹੈ ਉਹ ਪੂਰੀ ਜਾਵੇ; ਜਿੱਥੇ-ਜਿੱਥੇ ਲੋਕ ਵੰਡੇ ਹੋਏ ਹਨ, ਉਹ ਇੱਕ ਮੁੱਠ ਹੋ ਜਾਣ। ਉਸ ਦਾ ਦਾਅਵਾ ਹੈ ਕਿ ਜੇ ਸਾਰੇ ਇੱਕ-ਮੁੱਠ ਹੋ ਜਾਣ ਤਾਂ ਹਰ ਪ੍ਰਾਪਤੀ ਸੰਭਵ ਹੋ ਸਕਦੀ ਹੈ।

ਪ੍ਰੋ: ਮੋਹਨ ਸਿੰਘ ਰੁਮਾਂਟਿਕ ਗੀਤਕਾਰ ਵਜੋਂ ਬਹੁਤ ਪ੍ਰਸਿੱਧ ਸੀ। ਉਸ ਨੇ ਸੁਤੰਤਰ ਪ੍ਰੀਤ ਤੇ ਰੁਮਾਂਟਿਕ ਭਾਵਨਾਵਾਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ, ਪਰ ਮਗਰੋਂ ਛੇਤੀ ਹੀ ਉਸ ਨੇ ਨਿਜੀ ਪਿਆਰ ਦੀ ਥਾਂ ਸਮਾਜ-ਪਿਆਰ ਤੇ ਸਮਾਜਿਕ ਪ੍ਰਗਤੀ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।

### 16.2.2 ਅਰਥ ਤੇ ਵਿਆਖਿਆ

ਆਓ ਨੱਚੀਏ

ਆਓ ਹਿੰਦੀਓ ਰਲ ਛੋਹੀਏ,
ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ।
ਪਰਦੇ ਚਾਈਏ, ਘੁੰਗਟ ਲਾਹੀਏ,
ਨੱਚੀਏ ਨਾਲੋ ਨਾਲ ਵੱਲੇ।
ਦੇਸ਼ ਪਿਆਰ ਦੀ ਮਦਰਾ ਪੀ ਕੇ,
ਹੋਈਏ ਮਸਤ ਬੇਹਾਲ ਵੱਲੇ।
ਵਲ-ਵਲ ਆਈਏ ਕਲਾਵੇ ਕਰਦੇ,
ਘੁੱਟ-ਘੁੱਟ ਲੱਗੀਏ ਨਾਲ ਵੱਲੇ।
ਕਾਲੇ ਨੱਚਣ, ਗੋਰੇ ਨੱਚਣ,
ਨੱਚਣ ਅਮੀਰ ਕੰਗਾਲ ਵੱਲੇ।
ਹਿੰਦੂ ਨੱਚਣ, ਮੁਸਲਿਮ ਨੱਚਣ,
ਕੰਮੀ ਤੇ ਚਮਰਾਲ ਵੱਲੇ।
ਕੁੜੀਆਂ ਤੇ ਮੁਟਿਆਰਾਂ ਨੱਚਣ,
ਨੱਚਣ ਬੁੱਢੇ ਬਾਲ ਵੱਲੇ।
ਚੂੜ੍ਹੀਆਂ ਤੇ ਚਮਰੇਟੀਆਂ ਨੱਚਣ,
ਨੱਚ ਨੱਚ ਹੋਣ ਬੇਹਾਲ ਵੱਲੇ।
ਛੱਡ ਮਸੀਤਾਂ ਮੁੱਲਾਂ ਨੱਚਣ,
ਕਰਦੇ ਹਾਲੋ-ਹਾਲ ਵੱਲੇ।

ਪੜ ਬਗਲੀਆਂ. ਜ਼ਾਹਿਦ ਨੱਚਣ
ਸੂਫੀ ਮਾਰਨ ਛਾਲ ਵੱਲੇ।
ਧੋਤੀ ਟੰਗਦੇ ਬਾਹਮਣ ਨੱਚਣ.
ਢਹਿ ਢਹਿ ਪੈਣ ਚੁਫਾਲ ਵੱਲੇ।
ਭਾਈ ਨੱਚਣ. ਜੋਗੀ ਨੱਚਣ.
ਮਸਤ ਮਲੰਗਾਂ ਦੇ ਹਾਲ ਵੱਲੇ।
ਨੱਚਣ ਮਸੀਤਾਂ. ਮੰਦਰ ਨੱਚਣ.
ਨੱਚਣ ਠਾਕਰ ਦੁਆਲ ਵੱਲੇ।
ਨੱਚਣ ਗ੍ਰੰਥ. ਕਤੇਬਾਂ ਨੱਚਣ,
ਵੇਦ ਵੀ ਨੱਚਣ ਨਾਲ ਵੱਲੇ।
ਨੱਚਣ ਸੰਖ ਤੇ ਬਾਂਗਾਂ ਨੱਚਣ.
ਨੱਚਣ ਟੱਲ ਘੜਿਆਲ ਵੱਲੇ।
ਟਿੱਕੇ ਨੱਚਣ. ਜੰਞੂ ਨੱਚਣ.
ਤਸਬੀ ਤੇ ਜਪਮਾਲ ਵੱਲੇ।
ਦੋਜ਼ਖ ਨੱਚਣ. ਜੰਨਤ ਨੱਚਣ.
ਹੂਰਾਂ ਦੇਵਣ ਤਾਲ ਵੱਲੇ।
ਨਾਨਕ. ਰਾਮ. ਮੁਹੰਮਦ ਨੱਚਣ.
ਨੱਚਣ ਕ੍ਰਿਸ਼ਨ ਗੁਪਾਲ ਵੱਲੇ।
ਜਿਉਂ-ਜਿਉਂ ਨਾਚ ਤ੍ਰਿੱਖਾ ਹੋਵੇ.
ਜਿਉਂ-ਤਿਉਂ ਚਮਕੇ ਚਾਲ ਵੱਲੇ।
ਸ਼ਹੁ ਸਾਗਰ ਦੀਆਂ ਲਹਿਰਾਂ ਵਾਂਗਰ.
ਬਾਹਾਂ ਖਾਣ ਉਛਾਲ ਵੱਲੇ।
ਛਣਕਣ ਚੂੜੇ. ਛਣਕਣ ਬੀੜੇ.
ਛਣਕਣ ਵੰਗਾਂ ਨਾਲ ਵੱਲੇ।
ਉਡਣ ਚੁੰਨੀਆਂ. ਪਾਟਣ ਬੁਰਕੇ
ਗਲ ਵਿੱਚ ਖੁੱਲ੍ਹਣ ਵਾਲ ਵੱਲੇ।
ਉੱਛਲ ਗੰਗਾ ਦੀਆਂ ਲਹਿਰਾ ਮਾਰਨ,
ਜ਼ਮਜ਼ਮ ਦੇ ਵਿੱਚ ਛਾਲ ਵੱਲੇ।
ਬਾਹਮਣ ਦੇ ਗਲ ਜੰਞੂ ਹੋਵਣ.
ਚਮਰੇਟੀ ਦੇ ਵਾਲ ਵੱਲੇ।
ਟੁੱਟਣ ਲੱਕ ਤੇ ਮੱਚਣ ਗਿੱਧੇ,
ਪੈਰ ਉੱਠਣ ਇੱਕ ਤਾਲ ਵੱਲੇ।
ਲੱਖ ਨੈਣਾਂ ਦੀ ਸਾਂਝੀ ਚਮਕਣ.
ਬਲੇ ਲੱਖ ਮਸ਼ਾਲ ਵੱਲੇ।
ਲੱਖ ਦਿਲਾਂ ਦੀ ਸਾਂਝੀ ਧੜਕਣ.
ਲਿਆਵੇ ਕੋਈ ਭੁਚਾਲ ਵੱਲੇ।
ਲੱਖ ਬੁਲ੍ਹੀਆਂ ਦਾ ਸਾਂਝਾ ਹਾਸਾ.
ਬਿਜਲੀ ਦਏ ਵਿਖਾਲ ਵੱਲੇ।
ਲੱਖ ਜ਼ੁਲਫਾਂ ਦੀ ਸਾਂਝੀ ਬਣਤਰ.
ਬਣ ਜਾਏ ਸਾਂਝਾ ਜਾਲ ਵੱਲੇ।
ਇੱਕ ਵੇਰਾਂ ਜੇ ਰਲ ਕੇ ਹਿੰਦਿਓ.
ਨੱਚ ਪਓ ਏਦਾਂ ਨਾਲ ਵੱਲੇ।
ਕਿਉਂ ਨਾ ਹੋਣ ਫਿਰ ਸੱਚੇ ਤੁਹਾਡੇ.
ਸੁਪਨੇ ਅਤੇ ਖਿਆਲ ਵੱਲੇ।

ਆਓ. ਪਹਿਲਾਂ ਤੁਹਾਨੂੰ ਇਸ ਕਵਿਤਾ ਦੇ ਅਰਥਾਂ ਤੋਂ ਜਾਣੂ ਕਰਾਉਂਦੇ ਹਾਂ। ਸੌਖ ਲਈ ਅਸੀਂ. 'ਆਓ ਨੱਚੀਏ, ਕਵਿਤਾ ਦੇ ਚਾਰ ਭਾਗ ਬਣਾ ਕੇ ਇਸ ਦੀ ਵਿਆਖਿਆ ਕਰਾਂਗੇ।

ਪਹਿਲਾ ਭਾਗ (ਪੰਕਤੀਆਂ 1-4)

**ਅਰਥ** : ਹੇ ਹਿੰਦਿਓ (=ਹਿੰਦੁਸਤਾਨ ਦੇ ਵਾਸੀਓ/ਲੋਕੋ)! ਆਓ ਰਲ ਕੇ ਇਸ਼ਕ (=ਪ੍ਰੇਮ/ਪਿਆਰ) ਦਾ ਤ੍ਰਿਖੜਾ (=ਤਿੱਖਾ/ਤੇਜ/ਤੀਬਰ) ਤਾਲ (=ਧੁਨ. ਸੁਰ) ਵੱਲੇ (=ਇੱਕ ਸੰਬੋਧਨ ਸੂਚਕ ਸ਼ਬਦ ਜਿਸਦਾ ਅਰਥ ਹੈ 'ਵੇ'. 'ਅੜਿਆ') ਛੋਹੀਏ (=ਸ਼ੁਰੂ ਕਰੀਏ)। ਪਰਦੇ ਚਾਈਏ (=ਉਠਾ ਦੇਈਏ/ਚੁੱਕ ਦੇਈਏ). ਘੁੰਗਟ ਲਾਹੀਏ (=ਘੁੰਡ ਉਤਾਰ ਦੇਈਏ) ਤੇ ਨਾਲੋ-ਨਾਲ ਹੋ ਕੇ ਨੱਚੀਏ। ਦੇਸ਼-ਪਿਆਰ ਦੀ ਮਦਰਾ (ਸ਼ਰਾਬ) ਪੀ ਕੇ ਮਸਤ ਬੇਹਾਲ (=ਬੁਰੇ ਹਾਲ: ਭਾਵ ਹੱਦੋਂ ਵਧ ਮਸਤ) ਹੋ ਜਾਈਏ। ਅਸੀਂ ਜੱਫੀਆਂ ਪਾਉਂਦੇ ਹੋਏ ਵਲ-ਵਲ ਆਈਏ (=ਮੁੜ-ਮੁੜ ਕੇ ਆਉਣਾ) ਤੇ ਘੁੱਟ-ਘੁੱਟ ਕੇ ਨਾਲ (=ਜੱਫੀ) ਲੱਗੀਏ।

**ਵਿਆਖਿਆ** : ਇਸ ਕਵਿਤਾ ਦੀਆਂ ਮੁੱਢਲੀਆਂ ਚਾਰ ਪੰਕਤੀਆਂ ਵਿੱਚ ਕਵੀ ਅਪਣੀ ਗੱਲ ਸ਼ੁਰੂ ਕਰਦਾ ਹੋਇਆ ਸਾਰੇ ਹਿੰਦੁਸਤਾਨੀਆਂ ਨੂੰ ਸੰਬੋਧਨ ਕਰਦਾ ਹੈ ਕਿ ਆਓ, ਰਲ-ਮਿਲ ਕੇ ਪਿਆਰ ਦਾ ਇੱਕ ਤਿੱਖਾ/ਤਾਲ (ਸੰਗੀਤ) ਸ਼ੁਰੂ ਕਰੀਏ ਤੇ ਸਭ ਪਰਦੇ ਹਟਾ ਕੇ, ਘੁੰਡ ਲਾਹ ਕੇ, ਭਾਵ ਝਾਕੇ ਲਾਹ ਕੇ ਰਲ-ਮਿਲ ਕੇ ਨੱਚੀਏ। ਇਸ ਨਾਚ ਵਿੱਚ ਕਿਸੇ ਤਰ੍ਹਾਂ ਦੇ ਨਸ਼ੇ ਜਾਂ ਸ਼ਰਾਬ ਦੀ ਲੋੜ ਨਹੀਂ ਪਰ ਦੇਸ਼-ਪਿਆਰ ਦੇ ਨਸ਼ੇ ਵਿੱਚ ਮਸਤ ਬੇਹਾਲ ਹੋ ਕੇ ਨੱਚਿਆ ਜਾਵੇ। ਇੱਕ ਦੂਜੇ ਨੂੰ ਪਿਆਰ ਨਾਲ ਜੱਫੀਆਂ ਪਾਈਆਂ ਜਾਣ ਤੇ ਘੁੱਟ-ਘੁੱਟ ਕੇ ਗਲੇ ਮਿਲਿਆ ਜਾਵੇ।

ਦੂਜਾ ਭਾਗ (ਪੰਕਤੀਆਂ 5-20)

**ਅਰਥ** : ਇਸ ਨਾਚ ਵਿੱਚ ਕਾਲੇ ਤੇ ਗੋਰੇ, ਅਮੀਰ ਤੇ ਕੰਗਾਲ (=ਗਰੀਬ) ਨੱਚਣ। ਹਿੰਦੂ ਤੇ ਮੁਸਲਮਾਨ, ਕਾਮੇ ਤੇ ਚਮਰਾਲ (=ਚਮੜੇ ਦਾ ਕੰਮ ਕਰਨ ਵਾਲਾ, ਮੋਚੀ) ਨੱਚਣ। ਕੁੜੀਆਂ ਤੇ ਮੁਟਿਆਰਾਂ (=ਜਵਾਨ ਕੁੜੀਆਂ), ਬੁੱਢੇ ਤੇ ਬਾਲ (ਬੱਚੇ) ਨੱਚਣ। ਚੂੜ੍ਹੀਆਂ (=ਸਫ਼ਾਈ ਦੀ ਸੇਵਾ ਕਰਨ ਵਾਲੀਆਂ ਔਰਤਾਂ) ਤੇ ਚਮਰੇਟੀਆਂ (=ਚਮਾਰ ਜਾਤੀ ਦੀਆਂ ਔਰਤਾਂ) ਨੱਚ-ਨੱਚ ਕੇ ਬੇਹਾਲ ਹੋ ਜਾਣ (=ਬੁਰਾ ਹਾਲ ਕਰ ਲੈਣ) ਚਾਲੋ-ਹਾਲ(=ਧਮਾਲ ਪਾਉਂਦੇ ਹੋਏ, ਸ਼ੋਰ ਮਚਾਉਂਦੇ) ਕਰਦੇ ਹੋਏ ਮਸੀਤਾਂ(=ਮੁਸਲਮਾਨਾਂ ਦੇ ਧਰਮ-ਅਸਥਾਨ) ਛੱਡ ਕੇ ਮੁੱਲਾਂ (=ਮਸੀਤ ਵਿੱਚ ਮਜ਼ਹਬੀ ਰਸਮਾਂ ਕਰਨ ਵਾਲਾ ਮੁਲਾਣਾ) ਨੱਚਣ। ਬਗਲੀਆਂ (=ਫਕੀਰਾਂ ਦੇ ਮੋਢੇ ਉੱਤੇ ਲਮਕਾਉਣ ਵਾਲੇ ਥੈਲੇ) ਪਾੜਦੇ ਹੋਏ ਜ਼ਾਹਿਦ (=ਮੌਲਵੀ, ਤਪਸਿਆ/ਭਗਤੀ ਕਰਨ ਵਾਲਾ) ਨੱਚਣ ਤੇ ਸੂਫ਼ੀ (=ਸੂਫ਼ੀ ਮੱਤਾਂ ਦਾ ਅਨੁਆਈ, ਮੁਸਲਮਾਨ ਸਾਈਂ ਲੋਕਾਂ ਦਾ ਇੱਕ ਫ਼ਿਰਕਾ) ਛਾਲ ਮਾਰਨ (=ਕੁੱਦਣ, ਟੱਪਣ)। ਬਾਹਮਣ (=ਬਾਹਮਣ, ਹਿੰਦੂਆਂ ਦੇ ਚਾਰ ਵਰਨਾਂ ਦੀ ਪਹਿਲੀ ਜਾਤੀ) ਆਪਣੀ ਧੋਤੀ ਟੰਗਦੇ ਹੋਏ ਨੱਚਣ ਤੇ ਚੁਫਾਲ (=ਚੌੜੇ ਰੁੱਖ) ਢਹਿ-ਢਹਿ (=ਡਿਗ-ਡਿਗ) ਪੈਣ। ਭਾਈ (=ਗੁਰਦੁਆਰੇ ਦਾ ਗ੍ਰੰਥੀ) ਤੇ ਜੋਗੀ (=ਯੋਗ ਸਾਧਨਾ ਕਰਨ ਵਾਲਾ ਸਾਧੂ ਵੀ ਮਸਤ (=ਨਸ਼ੇ ਵਿੱਚ ਚੂਰ) ਮਲੰਗਾਂ (=ਫਕੀਰਾਂ) ਦੇ ਹਾਲ (=ਵਾਂਗ) ਨੱਚਣ।

ਮਸੀਤਾਂ, ਮੰਦਰ ਤੇ ਠਾਕਰ ਦਵਾਲ (=ਠਾਕਰ ਦੁਆਰਾ, ਮੰਦਰ) ਨੱਚਣ। ਗ੍ਰੰਥ, ਕਤੇਬ, ਵੇਦ (=ਸਾਰੀਆਂ ਧਰਮ-ਪੁਸਤਕਾਂ) ਵੀ ਨੱਚ ਪੈਣ। ਸੰਖ (=ਇੱਕ ਤਰ੍ਹਾਂ ਦਾ ਘੁੱਗੂ ਜੋ ਮੰਦਰਾਂ/ਗੁਰਦੁਆਰਿਆਂ ਵਿੱਚ ਵਜਾਉਂਦੇ ਹਨ) ਤੇ ਬਾਂਗਾਂ (=ਨਮਾਜ਼ ਦੇ ਵੇਲੇ ਮਸੀਤ ਵਿੱਚ ਦਿੱਤੀ ਮੁੱਲਾਂ ਦੀ ਉੱਚੀ ਅਵਾਜ਼), ਟੱਲ (=ਵੱਡੀ ਘੰਟੀ) ਤੇ ਘੜਿਆਲ (=ਵੱਡਾ ਘੰਟਾ) ਨੱਚਣ। ਟਿੱਕੇ (=ਮੱਥੇ ਉੱਤੇ ਲਾਉਣ ਵਾਲਾ ਤਿਲਕ) ਤੇ ਜੰਞੂ (=ਜਨੇਊ, ਹਿੰਦੂਆਂ ਦੁਆਰਾ ਪਹਿਨਿਆਂ ਜਾਣ ਵਾਲਾ ਧਾਗਾ) ਅਤੇ ਤਸਬੀ (=ਮੁਸਲਮਾਨਾਂ ਦੀ ਮਾਲਾ) ਤੇ ਜਪਮਾਲ (=ਹਿੰਦੂਆਂ ਦੀ ਜਪ ਕਰਨ ਵਾਲੀ ਮਾਲਾ) ਨੱਚਣ। ਦੋਜ਼ਖ (=ਨਰਕ) ਤੇ ਜੰਨਤ (=ਸਵਰਗ) ਦੋਵੇਂ ਨੱਚਣ ਤੇ ਹੂਰਾਂ (=ਸਵਰਗ ਦੀਆਂ ਅਪਸਰਾਵਾਂ (ਔਰਤਾਂ) ਤਾਲ ਦੇਣ। ਨਾਨਕ, ਰਾਮ, ਮੁਹੰਮਦ, ਕ੍ਰਿਸ਼ਨ, ਗੋਪਾਲ (ਭਾਵ ਸਾਰੇ ਅਵਤਾਰੀ ਪੁਰਸ਼) ਨੱਚਣ। ਜਿਉਂ-ਜਿਉਂ ਨਾਚ ਤਿੱਖਾ, ਭਾਵ ਤੇਜ਼ ਹੋਵੇ, ਜਿਉਂ-ਜਿਉਂ ਚਾਲ ਵਿੱਚ ਚਮਕ ਆਉਂਦੀ ਜਾਵੇ, ਸ਼ਹੁ (=ਵੱਡਾ; ਠਾਠਾਂ ਮਾਰਦਾ) ਸਾਗਰ (=ਸਮੁੰਦਰ) ਦੀਆਂ ਲਹਿਰਾਂ ਵਾਂਗ ਸਾਰਿਆਂ ਦੀਆਂ ਬਾਹਾਂ ਉਛਾਲੇ ਖਾਣ।

**ਵਿਆਖਿਆ** : ਕਵੀ ਨੇ ਅਜਿਹੇ ਸਾਂਝੇ ਇਕੱਠੇ ਪ੍ਰੇਮ-ਭਰੇ ਤਾਲ ਤੇ ਨਾਚ ਦਾ ਵਰਣਨ ਕੀਤਾ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਰੰਗ, ਨਸਲ ਤੇ ਉਚ-ਨੀਚ ਦਾ ਵਿਤਕਰਾ ਛੱਡਣ ਦੀ ਗੱਲ ਤੋਰੀ ਹੈ। ਕਾਲੇ-ਗੋਰੇ, ਅਮੀਰ-ਗ਼ਰੀਬ ਸਭ ਤਰ੍ਹਾਂ ਦੇ ਲੋਕਾਂ ਨੂੰ ਰਲ ਕੇ ਨੱਚਣ ਲਈ ਆਖਿਆ ਹੈ। ਜਾਤ-ਪਾਤ ਦਾ ਭੇਦ-ਭਾਵ ਛੱਡ ਕੇ ਹਿੰਦੂ, ਮੁਸਲਮਾਨ, ਕਾਮੇ, ਨੀਵੇਂ, ਨਿਤਾਣੇ, ਬੱਚੇ, ਜੁਆਨ, ਬੁੱਢੇ, ਸਭ ਨੱਚਦੇ ਵਿਖਾਏ ਗਏ ਹਨ।

ਇਸ ਤੋਂ ਅਲਾਵਾ ਕਵੀ ਸਾਰੇ ਧਰਮਾਂ ਦੇ ਲੋਕਾਂ ਦੇ ਆਗੂਆਂ ਨੂੰ ਵੀ ਇਕੱਠਿਆਂ ਕਰ ਦੇਂਦਾ ਹੈ। ਇਸ ਨਾਚ ਵਿੱਚ ਮੁੱਲਾਂ, ਮੌਲਵੀ, ਸੂਫ਼ੀ, ਬ੍ਰਾਹਮਣ, ਗ੍ਰੰਥੀ, ਜੋਗੀ, ਫ਼ਕੀਰ ਆਦਿ ਸਭ ਸ਼ਾਮਿਲ ਦੱਸੇ ਗਏ ਹਨ। ਫੇਰ ਮਸਜਿਦ, ਮੰਦਰ ਤੇ ਠਾਕਰਦੁਆਰੇ ਇਕੱਠੇ ਕੀਤੇ ਗਏ ਹਨ, ਸਾਰੇ ਧਾਰਮਕ ਗ੍ਰੰਥਾਂ ਨੂੰ ਇੱਕਠਿਆਂ ਨਚਾਇਆ ਗਿਆ ਹੈ। ਸਭ ਤਰ੍ਹਾਂ ਦੀਆਂ ਆਵਾਜ਼ਾਂ ਤੇ ਯੰਤਰ ਜਿਵੇਂ ਸੰਖ, ਬਾਂਗ, ਟੱਲ, ਘੜਿਆਲ ਇਕੱਠੇ ਨਚਾਏ ਹਨ। ਤਿਲਕ ਤੇ ਜਨੇਊ, ਤਸਬੀ ਤੇ ਜਪਮਾਲਾ ਨੱਚਦੇ ਹਨ। ਨਰਕ ਤੇ ਸਵਰਗ ਨੱਚਦੇ ਹਨ ਅਤੇ ਅਪਸਰਾਂ ਤਾਲ ਦੇਂਦੀਆਂ ਹਨ। ਸਾਰੇ ਅਵਤਾਰ ਪੁਰਸ਼ ਨੱਚਦੇ ਹਨ ਤੇ ਤਿੱਖੇ ਨਾਚ ਵਿੱਚ ਸਾਰਿਆਂ ਦੀਆਂ ਬਾਹਾਂ ਜੋਸ਼ ਤੇ ਉਛਾਲੇ ਵਿੱਚ ਇਕੱਠੀਆਂ ਉੱਠਦੀਆਂ ਹਨ।

ਕਵੀ ਦਾ ਪੈਗ਼ਾਮ ਭੇਦ, ਭਾਵ, ਧਾਰਮਿਕ ਉਚ-ਨੀਚ ਮਿਟਾ ਕੇ ਸਾਰਿਆਂ ਨੂੰ ਇੱਕਠਿਆਂ ਕਰ ਦੇਂਦਾ ਹੈ। ਕਵੀ, ਗੁਲਾਮ ਭਾਰਤ ਦੀ ਗੁਲਾਮੀ ਦੇ ਕਾਰਣ ਨੂੰ ਪਛਾਣ ਗਿਆ ਹੈ, ਉਹ ਹੈ : ਲੋਕਾਂ ਵਿੱਚ ਏਕੇ ਦੀ ਘਾਟ। ਲੋਕ ਕਦਮ-ਕਦਮ ਉੱਪਰ ਵੰਡੇ ਹੋਏ ਸਨ, ਕਿਤੇ ਜਾਤ-ਪਾਤ, ਕਿਤੇ ਮਜ਼ਹਬ, ਕਿਤੇ ਉਚ-ਨੀਚ। ਇਸ ਲਈ ਜਿਤਨੀ ਦੇਰ ਤਕ ਇੱਕ-ਮੁੱਠ ਨਹੀਂ ਹੋਇਆ ਜਾਂਦਾ, ਕੁੱਝ ਵੀ ਪ੍ਰਾਪਤ ਨਹੀਂ ਸੀ ਹੋ ਸਕਦਾ।

ਮੁਲਕ ਦੀ ਆਜ਼ਾਦੀ ਲਈ ਸਭ ਤੋਂ ਵੱਡੀ ਰੁਕਾਵਟ ਨਸਲੀ ਵਿਤਕਰੇ ਦੀ ਸੀ। ਇਸ ਤੋਂ ਅਲਾਵਾ ਵੱਖ-ਵੱਖ ਉਮਰ ਵਾਲਿਆਂ ਦੀ ਸੋਚ ਤੇ ਕਾਮਨਾ ਵਿੱਚ ਅੰਤਰ ਸੀ। ਸੋ ਕਵੀ ਨੇ ਬੱਚਿਆਂ, ਨੌਜਵਾਨਾਂ, ਕੁੜੀਆਂ ਤੇ ਬੁੱਢਿਆਂ ਸਭ ਨੂੰ ਇਕੱਠਾ ਕਰ ਦਿੱਤਾ ਹੈ।

ਕਵੀ ਇਹ ਦੱਸਣਾ ਚਾਹੁੰਦਾ ਹੈ ਕਿ ਸਾਡੇ ਸਮਾਜ ਵਿੱਚ ਉਚ-ਨੀਚ ਦਾ ਬਹੁਤ ਵਿਤਕਰਾ ਹੈ। ਕਵੀ ਨੇ ਨੀਵੇਂ ਤੇ ਉੱਚੇ ਵਰਗ ਨੂੰ ਇੱਕਮਿੱਕ ਹੋਣ ਦਾ ਪੈਗ਼ਾਮ ਦਿੱਤਾ ਹੈ। ਧਾਰਮਿਕ ਵਿਤਕਰਾ ਸਾਡੇ ਜੀਵਨ ਵਿੱਚ ਬਹੁਤ ਦੁਖਦਾਈ ਸਮੱਸਿਆਵਾਂ ਪੈਦਾ ਕਰਦਾ ਹੈ, ਜਿਸ ਤੋਂ ਅਣਗਿਣਤ ਝਗੜੇ ਤੇ ਮੁਸੀਬਤਾਂ ਪੈਦਾ ਹੁੰਦੀਆਂ ਹਨ, ਇਸ ਲਈ ਜੇ ਧਰਮ ਨਿਰਪੇਖ ਹੋ ਕੇ ਹਿੰਦੂ, ਸੂਫ਼ੀ, ਬਾਹਮਣ, ਜੋਗੀ, ਮੁਸਲਮਾਨ ਆਦਿ ਸਾਰੇ ਧਾਰਮਿਕ ਫ਼ਿਰਕੇ ਇੱਕ ਸੂਤਰ ਵਿੱਚ ਬੱਝ ਜਾਣ ਉਨ੍ਹਾਂ ਦੇ ਧਰਮ ਅਸਥਾਨ, ਧਰਮ ਗ੍ਰੰਥ ਤੇ ਅਵਤਾਰੀ ਪੁਰਸ਼ ਸਭ ਏਕਤਾ ਵਿੱਚ ਬੱਝ ਜਾਣ ਤਾਂ ਉਨ੍ਹਾਂ ਵਿੱਚ ਠਾਠਾਂ ਮਾਰਦੇ ਸਮੁੰਦਰ ਵਰਗੀ ਤੇਜ਼ੀ ਤੇ ਸ਼ਕਤੀ ਆ ਸਕਦੀ ਹੈ।

ਤੀਜਾ ਭਾਗ (ਪੰਕਤੀਆਂ 21-29)

**ਅਰਥ** : ਚੂੜੇ (=ਵਿਆਹ ਦੇ ਮੌਕੇ ਉੱਤੇ ਵਹੁਟੀ ਨੂੰ ਪਾਉਣ ਵਾਲੀਆਂ ਚੂੜੀਆਂ), ਬੀੜੇ (=ਬਟਨ) ਤੇ ਵੰਗਾਂ (=ਚੂੜੀਆਂ) ਛਣਕਣ। ਚੁੰਨੀਆਂ ਉਡ ਜਾਣ, ਬੁਰਕੇ (=ਮੁਸਲਮਾਨ ਔਰਤਾਂ ਦਾ ਸਾਰਾ ਸ਼ਰੀਰ ਕੱਜਣ ਵਾਲਾ ਉਛਾੜ) ਪਾਟ ਜਾਣ, ਗਲ ਵਿੱਚ ਵਾਲ ਖੁੱਲ੍ਹ ਕੇ ਪੈ ਜਾਣ। ਗੰਗਾ (=ਪਵਿੱਤਰ ਨਦੀ) ਦੀਆਂ ਲਹਿਰਾਂ ਉਛਲ ਕੇ ਜ਼ਮਜ਼ਮ (=ਮੱਕੇ ਦਾ ਇੱਕ ਖੂਹ, ਜੋ ਬਹੁਤ ਪਵਿੱਤਰ ਮੰਨਿਆਂ ਜਾਂਦਾ ਹੈ) ਵਿੱਚ ਛਾਲ ਮਾਰ ਦੇਣ। ਬ੍ਰਾਹਮਣ ਦੇ ਗਲ ਵਿੱਚ ਚਮਰੇਟੀ ਦੇ ਵਾਲ ਜਨੇਊ ਵਾਂਗ ਪੈ ਜਾਣ। ਲੱਕ ਟੁੱਟ ਜਾਣ, ਗਿੱਧੇ (=ਕੁੜੀਆਂ ਦਾ ਲੋਕ-ਨਾਚ) ਮੱਚਣ (=ਬਹੁਤ ਤੇਜ਼ ਹੋਣ) ਤੇ ਪੈਰ ਇੱਕ ਤਾਲ ਵਿੱਚ ਉੱਠਣ। ਲੱਖ ਨੈਣਾਂ ਦੀ ਸਾਂਝੀ ਚਮਕਣ, ਲੱਖ ਮਸ਼ਾਲਾਂ (=ਜਗਦੀ ਜੋਤ) ਵਾਂਗ ਬਲੇ। ਲੱਖਾਂ ਦਿਲਾਂ ਦੀ ਧੜਕਣ ਸਾਂਝੀ ਹੋ ਕੇ ਭੁਚਾਲ ਲੈ ਆਵੇ। ਲੱਖਾਂ ਬੁੱਲ੍ਹੀਆਂ ਦਾ ਸਾਂਝਾ ਹਾਸਾ ਬਿਜਲੀ ਪੈਦਾ ਕਰ ਦਏ। ਲੱਖਾਂ ਜ਼ੁਲਫ਼ਾਂ ਦੀ ਸਾਂਝੀ ਬਣਤਰ ਇੱਕ ਸਾਂਝਾ ਜਾਲ ਬਣ ਜਾਏ।

**ਵਿਆਖਿਆ** : ਇਸ ਨਾਚ ਤੇ ਇਕੱਠ ਨੂੰ ਹੋਰ ਤਿੱਖਾ ਤੇ ਸਾਂਝਾ ਕਰਦਾ ਹੋਇਆ ਕਵੀ ਇਸ ਵਿੱਚ ਔਰਤਾਂ, ਵਹੁਟੀਆਂ, ਉਨ੍ਹਾਂ ਦੇ ਪਹਿਰਾਵੇ ਨੂੰ ਵੀ ਸ਼ਾਮਿਲ ਕਰਦਾ ਹੈ ਅਤੇ ਦੱਸਦਾ ਹੈ ਕਿ ਸਾਰੇ ਭੇਦ ਮਿਟ ਜਾਣ ਤੇ ਪਰਦੇ ਤੇ ਰੁਕਾਵਟਾਂ ਖਤਮ ਹੋ ਜਾਣ। ਅੱਡ-ਅੱਡ ਧਰਮਾਂ ਦੀਆਂ ਪਵਿੱਤਰ ਨਦੀਆਂ ਦੇ ਪਾਣੀ ਆਪਸ ਵਿੱਚ ਰਲ-ਮਿਲ ਜਾਣ। ਏਨੀ ਇੱਕਮਿੱਕਤਾ ਬਣ ਜਾਏ ਕਿ ਕਿਸੇ ਬ੍ਰਾਹਮਣ ਦੇ ਗਲ ਵਿੱਚ ਨੀਵੀਂ ਜਾਤ ਦੀ ਔਰਤ ਦੇ ਵਾਲ ਇੰਜ ਵਲੇਟੇ ਹੋਏ ਜਾਪਣ ਜਿਵੇਂ ਕਿ ਇਹ ਉਸ ਦਾ ਜਨੇਊ ਹੋਵੇ। ਜ਼ੋਰ-ਜ਼ੋਰ ਦੀ ਨੱਚ ਕੇ ਲੱਕ ਟੁੱਟ ਜਾਣ, ਗਿੱਧੇ ਤੇਜ਼ ਹੋ ਜਾਣ ਤੇ ਸਾਰਿਆਂ ਦੇ ਪੈਰ ਇੱਕ ਤਾਲ ਵਿੱਚ ਉੱਠ ਪੈਣ।

ਨੱਚਣ ਵਾਲੇ ਲੱਖਾਂ ਲੋਕਾਂ ਦੀਆਂ ਅੱਖਾਂ ਦੀ ਸਾਂਝੀ ਚਮਕ ਇੰਜ ਲੱਗੇ ਜਿਵੇਂ ਲੱਖਾਂ ਮਸ਼ਾਲਾਂ ਬਲ ਰਹੀਆਂ ਹੋਣ। ਸਾਰਿਆਂ ਦੇ ਦਿਲਾਂ ਦੀ ਧੜਕਣ ਸਾਂਝੀ ਹੋ ਕੇ ਸੁਣਾਈ ਦੇਵੇ ਤੇ ਕੋਈ ਭੁਚਾਲ ਆਉਂਦਾ ਹੋਇਆ ਜਾਪੇ। ਨੱਚਣ ਵਾਲੇ ਲੱਖਾਂ ਲੋਕਾਂ ਦੇ ਬੁੱਲ੍ਹਾਂ ਉੱਤੇ ਸਾਂਝਾ ਹਾਸਾ ਹੋਵੇ ਤੇ ਉਹ ਬਿਜਲੀ ਵਾਂਗ ਨਜ਼ਰ ਆਏ। ਲੱਖਾਂ ਜ਼ੁਲਫ਼ਾਂ ਇਕੱਠੀਆਂ ਬੁਣੀਆਂ ਜਾਣ ਤੇ ਇੱਕ ਸਾਂਝਾ ਜਾਲ ਬਣ ਜਾਵੇ।

ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਇਕੱਠੀਆਂ ਤੇ ਸਾਂਝੀਆਂ ਕਰਕੇ ਕਵੀ ਇੱਕ ਬੇਮਿਸਾਲ ਸਾਂਝੀਵਾਲਤਾ ਦਾ ਸੁਨੇਹਾ ਦੇ ਰਿਹਾ ਹੈ। ਇਹ ਸਾਂਝੀਵਾਲਤਾ ਬੜੀ ਔਖੀ ਹੈ ਪਰ ਕਵੀ ਦੀ ਕਲਪਨਾ ਇਸ ਸੱਧਰਾਂ ਭਰੀ ਸਾਂਝ ਦਾ ਸੁਫ਼ਨਾ ਦੇਖਦੀ ਹੈ ਤੇ ਉਸ ਵਿੱਚ ਸਭ ਕੁੱਝ ਇੱਕਮਿੱਕ ਕਰ ਦੇਂਦੀ ਹੈ।

ਚੌਥਾ ਭਾਗ (ਪੰਕਤੀਆਂ 30-31)

**ਅਰਥ** : ਸਾਰੇ ਹਿੰਦੁਸਤਾਨੀ ਜੇ ਇੱਕ ਵੇਰ ਏਦਾਂ (=ਇਸ ਤਰ੍ਹਾਂ) ਰਲ ਕੇ ਨੱਚ ਪੈਣ ਤਾਂ ਉਨ੍ਹਾਂ ਦੇ ਸਾਰੇ ਸੁਫਨੇ ਸੱਚ ਹੋ ਜਾਣਗੇ।

**ਵਿਆਖਿਆ** : ਅਖ਼ੀਰਲੀਆਂ ਇਨ੍ਹਾਂ ਦੋ ਪੰਕਤੀਆਂ ਵਿੱਚ ਕਵਿਤਾ ਦਾ ਸਾਰੰਸ਼ ਪੇਸ਼ ਹੋਇਆ ਹੈ। ਸਾਰੀ ਕਵਿਤਾ ਵਿੱਚ ਭਿੰਨ-ਭਿੰਨ ਵਰਗਾਂ ਤੇ ਜਾਤਾਂ ਨੂੰ ਇਕੱਠਿਆਂ ਕਰਕੇ ਅਖ਼ੀਰ ਉੱਤੇ ਇਹ ਨਿਰਣਾ ਦਿੱਤਾ ਗਿਆ ਹੈ ਕਿ ਜਿਸ ਸਾਂਝੀਵਾਲਤਾ ਨੂੰ ਕਵੀ ਨੇ ਦ੍ਰਿੜ੍ਹ ਕਰਾਇਆ ਹੈ ਜਾਂ ਇੱਕਮੁੱਠਤਾ ਦੀ ਕਵੀ ਨੇ ਕਲਪਨਾ ਕੀਤੀ ਹੈ, ਜੇ ਉਹ ਸੱਚਮੁੱਚ ਹੋਂਦ ਵਿੱਚ ਆ ਜਾਵੇ ਤਾਂ ਹਰ ਭਾਰਤੀ ਦੀ ਇੱਛਾ ਪੂਰੀ ਹੋ ਸਕਦੀ ਹੈ।

## 16.2.3 ਵਿਸ਼ਾ ਤੇ ਕਲਾ

ਪ੍ਰੋ. ਮੋਹਨ ਸਿੰਘ ਸ਼ਬਦਾਂ ਦਾ ਸੁਚੱਜਾ ਕਲਾਕਾਰ ਹੈ। ਉਸ ਦੀ ਕਵਿਤਾ ਦਾ ਇੱਕ-ਇੱਕ ਸ਼ਬਦ ਬੜਾ ਚੁਣ ਕੇ, ਢੁਕਾ ਕੇ ਵਰਤਿਆ ਹੁੰਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ 'ਸਾਵੇ ਪੱਤਰ' ਦੀ ਭੂਮਿਕਾ ਵਿੱਚ ਮੋਹਨ ਸਿੰਘ ਦੀ ਸ਼ਬਦ-ਵਰਤੋਂ ਬਾਰੇ ਦੱਸਿਆ ਹੈ ਕਿ "ਲਫ਼ਜ਼ਾਂ ਨੂੰ ਚੁਣ-ਚੁਣ ਕੇ ਲਿਆਉਣਾ, ਮਾਂਜ-ਮਾਂਜ ਲਿਸ਼ਕਾਉਣਾ ਅਤੇ ਚੁਸਤੀ ਨਾਲ ਬੀੜਨਾ" ਉਸ ਦਾ ਖ਼ਾਸ ਗੁਣ ਹੈ। ਉਸ ਦੀ ਬੋਲੀ ਮੁਹਾਵਰੇਦਾਰ ਹੈ, ਜਿਸ ਕਰਕੇ ਉਸ ਦੀ ਕਵਿਤਾ ਨੂੰ ਚਾਰ-ਚੰਨ ਲੱਗ ਜਾਂਦੇ ਹਨ।

**ਦੇਸ਼-ਪਿਆਰ** : ਦੇਸ਼-ਭਗਤੀ ਦਾ ਜਜ਼ਬਾ ਹਰ ਮਨੁੱਖ ਅੰਦਰ ਮੌਜੂਦ ਹੁੰਦਾ ਹੈ; ਖ਼ਾਸ ਤੌਰ ਉੱਤੇ ਜਦੋਂ ਦੇਸ਼ ਕਿਸੇ ਸੰਕਟ ਵਿੱਚ ਹੋਵੇ ਤਾਂ ਦੇਸ਼-ਭਗਤੀ ਦੇ ਭਾਵਾਂ ਵਿੱਚ ਬੜੀ ਤੇਜ਼ੀ ਆ ਜਾਂਦੀ ਹੈ। ਪ੍ਰੋ. ਮੋਹਨ ਸਿੰਘ ਦੀਆਂ ਕੁੱਝ ਕਵਿਤਾਵਾਂ ਵਿੱਚ ਦੇਸ਼-ਪਿਆਰ ਦੀ ਸੁਰ ਬਹੁਤ ਤੀਬਰ ਹੈ। 'ਆਓ ਨੱਚੀਏ' ਕਵਿਤਾ ਇਸ ਪੱਖੋਂ ਬਹੁਤ ਸ੍ਰੇਸ਼ਟ ਹੈ ਕਿਉਂਕਿ ਭਾਰਤ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਸੀ। ਗੁਲਾਮ ਦੇਸ਼ ਦੀ ਬਦਨਸੀਬੀ ਨੂੰ ਦੂਰ ਕਰਨ ਲਈ ਕਵੀ, ਇਸ ਕਵਿਤਾ ਵਿੱਚ, ਕੌਮੀ ਲਹਿਰ ਦਾ ਉਛਾਲਾ ਪੇਸ਼ ਕਰਦਾ ਹੈ ਤੇ ਗੁਲਾਮੀ ਦਾ ਜੂਲਾ ਲਾਹ ਸੁੱਟਣ ਲਈ ਏਕਤਾ ਤੇ ਸੰਗਠਨ ਦੀ ਗੱਲ ਛੇੜਦਾ ਹੈ।

ਮੋਹਨ ਸਿੰਘ ਨੇ ਆਪਣੀਆ ਹੋਰ-ਕਵਿਤਾਵਾਂ ਵਿੱਚ ਵੀ ਦੇਸ਼ ਦੀ ਆਜ਼ਾਦੀ, ਸਮਾਜਿਕ ਲੁਟ-ਖਸੁੱਟ ਤੇ ਆਰਥਿਕ ਮੰਦਹਾਲੀ ਨੂੰ ਪੇਸ਼ ਕੀਤਾ ਹੈ। ਪਰ 'ਆਓ ਨੱਚੀਏ' ਕਵਿਤਾ ਵਿੱਚ ਦੇਸ਼-ਪਿਆਰ ਦਾ ਸੰਕਲਪ ਬੜਾ ਸਪਸ਼ਟ ਹੈ। ਏਥੇ ਕਵੀ ਦਾ ਸਮਾਜਿਕ ਅਨੁਭਵ ਵਧੇਰੇ ਪੱਕਾ ਹੈ ਤੇ ਉਹ ਬੜਾ ਨਿਰਸੰਕੋਚ ਹੋ ਕੇ ਅਜ਼ਾਦੀ ਤੇ ਸਾਂਝੀਵਾਲਤਾ ਦਾ ਸੁਨੇਹਾ ਦੇਂਦਾ ਹੈ। ਉਹ ਬੜੀ ਸੂਝ ਨਾਲ ਗੁਲਾਮ ਹਿੰਦੁਸਤਾਨ ਦੀ ਅਜ਼ਾਦੀ ਦੀ ਤਾਂਘ ਨੂੰ ਪ੍ਰਗਟਾਉਂਦਾ ਹੈ ਤੇ ਦੱਸਦਾ ਹੈ ਕਿ ਆਰਥਿਕ ਅੰਨਿਆਂ ਵੰਡੀਆਂ ਤੇ ਪਾੜਿਆਂ ਨੇ ਮੁਲਕ ਨੂੰ ਬੁਰੀ ਤਰ੍ਹਾਂ ਗ੍ਰਸਿਆ ਹੋਇਆ ਹੈ। ਏਸੇ ਲਈ ਉਹ ਪ੍ਰਾਂਤਾਂ ਦੀਆਂ ਭੂਗੋਲਿਕ ਸੀਮਾਵਾਂ ਨੂੰ ਟੱਪ ਕੇ ਸਮੁੱਚੇ ਰਾਸ਼ਟਰ ਦੀ ਇੱਕਮੁੱਠਤਾ ਦੀ ਗੱਲ ਕਰਦਾ ਹੈ ਅਤੇ ਤੰਗ-ਦਿਲੀ ਛੱਡਣ ਤੇ ਵਿਤਕਰੇ ਮੇਟਣ ਦਾ ਰਾਗ ਛੇੜਦਾ ਹੈ।

ਇਸ ਕਵਿਤਾ ਵਿੱਚ ਕਵੀ ਨੇ ਸਾਂਝੇ ਰਾਸ਼ਟਰ ਦੀ ਉਸਾਰੀ ਦੀ ਕਲਪਨਾ ਕੀਤੀ ਹੈ ਅਤੇ ਹਿੰਦੂ-ਮੁਸਲਿਮ ਏਕਤਾ, ਅਛੂਤ ਉੱਧਾਰ ਤੇ ਦਲਿੱਦਰ ਨਿਵਾਰਨ ਤੋਂ ਅਗਾਂਹ ਰਾਜਸੀ ਆਜ਼ਾਦੀ ਦੇ ਸਾਰੇ ਅੰਗਾਂ ਨੂੰ ਪੇਸ਼ ਕੀਤਾ ਹੈ। ਉਹ ਜਾਤ-ਪਾਤ ਤੇ ਉਚ-ਨੀਚ ਨੂੰ ਜੜ੍ਹੋਂ ਉਖਾੜ ਦੇਣਾ ਚਾਹੁੰਦਾ ਹੈ :

> ਬਾਹਮਣ ਦੇ ਗਲ ਜੰਞੂ ਹੋਵਣ,
> ਚਮਰੇਟੀ ਦੇ ਵਾਲ ਵੱਲੇ।

ਇਸ ਤਰ੍ਹਾਂ, 'ਆਓ ਨੱਚੀਏ' ਕਵਿਤਾ ਵਿੱਚ ਉਹ ਉਨ੍ਹਾਂ ਕਾਰਨਾ ਦਾ ਵਿਸ਼ਲੇਸ਼ਣ ਕਰਦਾ ਹੈ, ਜਿਨ੍ਹਾਂ ਸਦਕਾ ਭਾਰਤ ਦੇਸ਼ ਗੁਲਾਮ ਵੀ ਹੈ ਅਤੇ ਪੱਛੜਿਆ ਵੀ ਹੋਇਆ ਹੈ। ਇਸੇ ਲਈ ਕਵੀ ਲੋਕਾਂ ਦੇ ਅੰਧ ਵਿਸ਼ਵਾਸ ਨੂੰ ਬੌਧਿਕ ਚਿੰਤਨ ਨਾਲ ਬਦਲ ਦੇਣ ਦੀ ਚੇਤਨਾ ਪੈਦਾ ਕਰਦਾ ਹੈ :

> ਇੱਕ ਵੇਰਾਂ ਜੇ ਰਲ ਕੇ ਹਿੰਦੀਓ
> ਨੱਚ ਪਓ ਏਦਾਂ ਨਾਲ ਵੱਲੇ
> ਕਿਉਂ ਨਾ ਹੋਣ ਫਿਰ ਸੱਚ ਤੁਹਾਡੇ
> ਸੁਪਨੇ ਤੇ ਖ਼ਿਆਲ ਵੱਲੇ।

**ਸੰਗੀਤ** : ਪ੍ਰੋ: ਮੋਹਨ ਸਿੰਘ ਦੀ ਕਵਿਤਾ ਵਿੱਚ ਸਰੋਦੀ ਤੱਤ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ। ਉਸ ਦੇ ਗੀਤਾਂ ਵਿੱਚ ਭਾਵਾਂ ਦੀ ਮਿਠਾਸ ਤੇ ਜਜ਼ਬਿਆਂ ਦੀ ਸ਼ੋਖੀ ਹੁੰਦੀ ਹੈ। ਉਸ ਦੇ ਗੀਤਾਂ ਵਿੱਚ ਕਲਪਨਾ-ਤੱਤ ਦੀ ਪ੍ਰਧਾਨਤਾ ਹੁੰਦੀ ਹੈ। 'ਕੁਸੰਭੜਾ' ਸੰਗ੍ਰਹਿ ਦੇ ਸਾਰੇ ਗੀਤ ਬੜੇ ਸਫ਼ਲ ਹਨ।

'ਆਓ ਨੱਚੀਏ' ਕਵਿਤਾ ਦੀ ਸਭ ਤੋਂ ਵੱਡੀ ਖ਼ੂਬੀ ਇਸ ਦਾ ਸੰਗੀਤਕ ਪ੍ਰਭਾਵ ਹੈ। ਕਵੀ ਨੇ ਸ਼ਬਦਾਂ ਦੇ ਅਨੁਪ੍ਰਾਸ (ਦੁਹਰਾਉ) ਦੀ ਬਹੁਤ ਸੁੰਦਰ ਵਰਤੋਂ ਕੀਤੀ ਹੈ। ਜਿਵੇਂ :

'ਨੱਚਣ' ਸ਼ਬਦ ਦਾ ਬਾਰ-ਬਾਰ ਦੁਹਰਾਉ, (ਇਸ ਸ਼ਬਦ ਨੂੰ ਕਵਿਤਾ ਵਿੱਚ 28 ਵੇਰ ਦੁਹਰਾਇਆ ਗਿਆ ਹੈ), ਬੁੱਢੇ-ਬਾਲ, ਚੂੜ੍ਹੀ-ਚਮਰੇਟੀ, ਮਸੀਤ-ਮੁੱਲਾਂ, ਮਸਤ-ਮਲੰਗ, ਮਸੀਤ-ਮੰਦਰ, ਚੂੜੇ-ਬੀੜੇ, ਏਸੇ ਤਰ੍ਹਾਂ ਲੱਖ ਸ਼ਬਦਾਂ ਦਾ ਬਾਰ-ਬਾਰ ਦੁਹਰਾਉ (ਇਸ ਨੂੰ ਪੰਜ ਵੇਰ ਦੁਹਰਾਇਆ ਗਿਆ ਹੈ), ਆਦਿ। ਦੁਹਰਾਉ ਦੀ ਸੁਚੱਜੀ ਵਰਤੋਂ ਰਾਹੀਂ ਕਵੀ ਨੇ ਸੰਗੀਤਕ ਪ੍ਰਭਾਵ ਸਿਰਜਿਆ ਹੈ।

ਇਸ ਕਵਿਤਾ ਦੀ ਖ਼ੂਬਸੂਰਤੀ ਇਸ ਦੇ ਚਿੱਤਰਾਂ ਵਿੱਚ ਹੈ। ਸਾਰੀ ਕਵਿਤਾ ਵਿੱਚ ਨਾਚ ਤੇ ਸੰਗੀਤ ਦਾ ਇੱਕ ਖ਼ੂਬਸੂਰਤ ਨਜ਼ਾਰਾ ਸਿਰਜਿਆ ਗਿਆ ਹੈ। ਇਸ ਨਾਲ ਸਾਰੀ ਕਵਿਤਾ ਇੱਕ ਚਿੱਤਰ-ਸੰਗ੍ਰਹਿ ਬਣ ਗਈ ਹੈ।

ਇਸ ਕਵਿਤਾ ਦਾ ਬਿਆਨ ਬੜਾ ਆਪ-ਮੁਹਾਰਾ ਹੈ, ਇਸੇ ਲਈ ਸਾਨੂੰ ਇਸ ਵਿੱਚ ਕੋਈ ਬਹੁਤੇ ਅਲੰਕਾਰ ਜਾਂ ਪ੍ਰਤੀਕ ਸਿਰਜੇ ਹੋਏ ਨਹੀਂ ਮਿਲਦੇ। ਕੇਵਲ ਇੱਕ-ਅੱਧ ਥਾਂ ਉੱਤੇ ਰੂਪਕ, ਉਪਮਾ ਜਾਂ ਅਤਿਕਥਨੀ ਵਰਗੇ ਅਲੰਕਾਰ ਆਏ ਹਨ। ਅਲੰਕਾਰ ਇੱਕ ਤਰ੍ਹਾਂ ਦੇ ਸ਼ਬਦ-ਰੂਪੀ ਗਹਿਣੇ ਹੁੰਦੇ ਹਨ ਜੋ ਕਵਿਤਾ ਦੀ ਸਜਾਵਟ ਵਿੱਚ ਵਾਧਾ ਕਰਦੇ ਹਨ।

**ਪਹਿਲਾ ਅਭਿਆਸ**

**ਨੋਟ**: ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਛੱਡੀਆਂ ਹੋਈਆਂ ਥਾਵਾਂ ਉੱਤੇ ਦਿੱਤੇ ਜਾਣੇ ਹਨ।

1 ਪ੍ਰੋ: ਮੋਹਨ ਸਿੰਘ ਕੌਣ ਸੀ, ਉਸ ਦੀਆਂ ਕਵਿਤਾਵਾਂ ਦੀ ਵਿਸ਼ੇਸ਼ਤਾ ਬਾਰੇ ਤੁਸੀਂ ਕੀ ਜਾਣਦੇ ਹੋ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ''ਆਓ ਨੱਚੀਏ'' ਕਵਿਤਾ ਵਿੱਚ ਏਕੇ ਤੇ ਸੰਗਠਨ ਬਾਰੇ ਕੀ ਵਿਚਾਰ ਪੇਸ਼ ਹੋਏ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਆਓ ਨੱਠੀਏ ਕਵਿਤਾ ਦੇ ਹੇਠ-ਲਿਖੇ ਪੱਖਾਂ ਬਾਰੇ ਆਪਣੇ ਵਿਚਾਰ ਪੇਸ਼ ਕਰੋ: ਦੇਸ਼-ਪਿਆਰ, ਸ਼ਬਦ-ਕਲਾ ਤੇ ਸੰਗੀਤਕ ਤੱਤ

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 16.3 "ਅੱਜ ਆਖਾਂ ਵਾਰਸ ਸ਼ਾਹ ਨੂੰ" : ਅਮ੍ਰਿਤਾ ਪ੍ਰੀਤਮ

ਇਸ ਕਵਿਤਾ ਦੇ ਅਧਿਐਨ ਲਈ ਅਸੀਂ ਹੇਠ-ਲਿਖੇ ਭਾਗ ਬਣਾਏ ਹਨ ਤਾਂ ਜੋ ਤੁਸੀਂ ਇਸਦੇ ਸਾਰੇ ਪੱਖਾਂ ਨੂੰ ਚੰਗੀ ਤਰ੍ਹਾਂ ਸਮਝ ਸਕੋ।

### 16.3.1 ਕਵੀ ਤੇ ਕਵਿਤਾ

ਅਮ੍ਰਿਤਾ ਪ੍ਰੀਤਮ ਪੰਜਾਬੀ ਦੀ ਪ੍ਰਸਿੱਧ ਕਵਿਤਰੀ ਹੈ ਜਿਸ ਦਾ ਪੰਜਾਬੀ ਦੇ ਕਵੀਆਂ ਵਿੱਚ ਮੋਹਰੀ ਸਥਾਨ ਹੈ। ਉਸ ਦਾ ਜਨਮ ਸ੍: ਕਰਤਾਰ ਸਿੰਘ ਹਿਤਕਾਰੀ ਜੀ ਦੇ ਘਰ 31 ਅਗਸਤ, 1919 ਈ: ਨੂੰ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਹੋਇਆ। ਉਸ ਨੇ ਸਾਹਿੱਤ-ਰਚਨਾ ਤੋਂ ਅਲਾਵਾ ਆਲ ਇੰਡੀਆ ਰੇਡਿਓ ਵਿੱਚ ਕਈ ਸਾਲ ਕੰਮ ਕੀਤਾ। ਅੱਜ ਕੱਲ ਉਹ ਦਿੱਲੀ ਤੋਂ ਪ੍ਰਸਿੱਧ ਮਾਸਿਕ ਪੱਤਰ 'ਨਾਗਮਣੀ' ਦਾ ਸੰਪਾਦਨ ਤੇ ਸਾਹਿੱਤ-ਰਚਨਾ ਦਾ ਕਾਰਜ ਕਰਦੀ ਹੈ। ਉਸ ਨੇ ਕਈ ਮੁਲਕਾਂ ਦੀ ਯਾਤਰਾ ਕੀਤੀ ਹੋਈ ਹੈ ਤੇ ਕਈ ਭਾਰਤੀ ਤੇ ਬਿਦੇਸ਼ੀ ਪੁਰਸਕਾਰ ਪ੍ਰਾਪਤ ਕਰ ਚੁੱਕੀ ਹੈ। ਉਸ ਦੇ 'ਸੁਨੇਹੜੇ' ਕਾਵਿ ਸੰਗ੍ਰਹਿ ਨੂੰ ਸਾਹਿੱਤ ਅਕਾਡਮੀ ਦਾ ਅਤੇ 'ਕਾਗਜ਼ ਤੇ ਕੈਨਵੈਸ' ਸੰਗ੍ਰਹਿ ਨੂੰ ਗਿਆਨ ਪੀਠ ਪੁਰਸਕਾਰ ਮਿਲ ਚੁੱਕਾ ਹੈ।

ਉਸ ਦੀ ਪਹਿਲੀ ਕਾਵਿ-ਰਚਨਾ 1935 ਈ: ਵਿੱਚ ਛਪੀ ਸੀ ਪਰ ਚਾਲ੍ਹੀਆਂ ਤੋਂ ਮਗਰੋਂ ਉਸ ਦੀ ਕਾਵਿ-ਰਚਨਾ ਜ਼ਿਆਦਾ ਵਿਕਸਿਤ ਹੋਈ। ਉਸ ਨੇ ਪਿਆਰ-ਭਰੇ ਸਰੋਦੀ ਗੀਤ ਵੀ ਲਿਖੇ ਪਰ ਛੇਤੀ ਹੀ ਉਹ ਲੋਕਾਂ ਪ੍ਰਤੀ ਫਰਜ਼ ਨੂੰ ਪਛਾਣਨ ਵੱਲ ਰੁਚਿਤ ਹੋ ਗਈ। ਖ਼ਾਸ ਤੌਰ ਉੱਤੇ 1947 ਈ: ਦੀ ਦੇਸ਼ ਦੀ ਵੰਡ ਤੇ ਪੰਜਾਬ ਦੀ ਵੰਡ ਦਾ ਉਸ ਨੂੰ ਬੜਾ ਵੱਡਾ ਧੱਕਾ ਲੱਗਾ। ਉਸ ਨੇ ਬਲਵੰਤ ਗਾਰਗੀ ਨਾਲ ਹੋਏ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ:

> "ਫ਼ਸਾਦਾਂ ਨੇ ਮੇਰੇ ਮਨ ਉੱਤੇ ਬਹੁਤ ਡੂੰਘਾ ਅਸਰ ਪਾਇਆ ਹੈ। ਇੱਕ ਡੂੰਘੀ ਲਕੀਰ ਜਿਹੀ ਛੱਡ ਦਿੱਤੀ ਹੈ ਮੇਰੇ ਸੀਨੇ ਉੱਤੇ, ਜਿਵੇਂ ਤਿੱਖੇ ਚਾਕੂ ਨਾਲ ਮੇਰੇ ਮਨ ਉੱਤੇ ਸਿਆੜ ਕੱਢ ਦਿੱਤੀ ਹੋਵੇ, ਲਹੂ ਦੀ ਭਰੀ ਸਿਆੜ।"

ਇਸ ਡੂੰਘੇ ਸਦਮੇ ਨੂੰ ਪੇਸ਼ ਕਰਨ ਲਈ ਉਸ ਨੇ 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਲਿਖੀ। ਇਹ ਕਵਿਤਾ ਉਸ ਦੇ ਕਾਵਿ-ਸੰਗ੍ਰਹਿ 'ਲੰਮੀਆਂ ਵਾਟਾਂ' ਵਿੱਚ ਮੌਜੂਦ ਹੈ। ਇਸ ਵਿੱਚ ਉਸ ਨੇ ਪੰਜਾਬ ਦੀ ਔਰਤ ਦੇ ਜਜ਼ਬਿਆਂ ਤੇ ਅਨੁਭਵਾਂ ਨੂੰ ਬੜੀ ਤੀਖਣਤਾ ਨਾਲ ਪੇਸ਼ ਕੀਤਾ ਹੈ। ਇਸ ਕਵਿਤਾ ਵਿੱਚ ਉਹ ਦੇਸ਼ ਦੀ ਤਬਾਹੀ ਤੇ ਇਨਸਾਨਾਂ ਦੇ ਕਤਲ ਦਾ ਦੁਖਾਂਤਕ ਚਿੱਤਰ ਖਿੱਚਦੀ ਹੈ।

ਉਸ ਦੀ ਕਾਵਿ-ਰਚਨਾ ਵਿੱਚ ਲੋਕਾਂ ਦਾ ਦਰਦ, ਇਸਤਰੀ ਜਾਤੀ ਦੀ ਬੇਬਸੀ ਤੇ ਗੁਲਾਮੀ ਦੇ ਭਾਵ ਖ਼ਾਸ ਤੌਰ ਉੱਤੇ ਪੇਸ਼ ਹੋਏ ਹਨ। ਉਸ ਦੀ ਕਵਿਤਾ ਵਿੱਚ ਔਰਤ ਜਾਤੀ ਦੀ ਜੋ ਕਰੁਣਾਮਈ ਤਸਵੀਰ ਪੇਸ਼ ਹੋਈ ਹੈ। ਉਹ ਪਾਠਕਾਂ ਨੂੰ ਹਲੂਣ ਕੇ ਰੱਖ ਦੇਂਦੀ ਹੈ। ਉਸ ਦੀ ਕਵਿਤਾ ਨੂੰ 'ਪੰਜਾਬ ਦੀ ਆਵਾਜ਼' ਕਿਹਾ ਗਿਆ ਹੈ।

ਪ੍ਰਿੰਸੀਪਲ ਤੇਜਾ ਸਿੰਘ ਨੇ ਮਹਿਕਮਾ ਪੰਜਾਬੀ, ਪਟਿਆਲਾ ਵਿੱਚ 1949 ਈ: ਵਿੱਚ ਅਮ੍ਰਿਤਾ ਪ੍ਰੀਤਮ ਦੀ ਇਸ ਕਵਿਤਾ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ,

> "ਗੁਰੂ ਨਾਨਕ ਦੀ 'ਬਾਬਰ ਬਾਣੀ' ਤੋਂ ਮਗਰੋਂ ਜੇ ਕੋਈ ਪੰਜਾਬ ਦੀ ਪੁਕਾਰ ਭਰੀ ਕਵਿਤਾ ਕਹੀ ਗਈ ਹੈ ਤਾਂ ਉਹ ਅਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਹੈ। ਗੁਰੂ ਨਾਨਕ ਨੇ ਬਾਬਰ ਦੇ ਹੱਲੇ ਨਾਲ ਤਬਾਹ ਹੋਏ ਪੰਜਾਬ ਦੇ ਜੀਵਨ ਤੇ ਸਭਿਆਚਾਰ ਉੱਤੇ ਲੁੱਛ ਕੇ 'ਬਾਬਰ ਬਾਣੀ' ਲਿਖੀ ਸੀ। ਅਮ੍ਰਿਤਾ ਪ੍ਰੀਤਮ ਨੇ ਚਾਰ ਸੌ ਵਰ੍ਹੇ ਪਿੱਛੋਂ ਫੇਰ ਇੱਕ ਵਾਰ ਪੰਜਾਬ ਉੱਤੇ ਟੁੱਟੇ ਕਹਿਰ ਤੋਂ ਪੀੜਿਤ ਹੋ ਕੇ ਲਹੂ ਦੇ ਅੱਥਰੂ ਕੇਰੇ ਹਨ।"

ਇਹ ਕਵਿਤਾ ਅਠਾਰ੍ਹਵੀਂ ਸਦੀ ਦੇ ਪ੍ਰਸਿੱਧ ਪੰਜਾਬੀ ਕਿੱਸਾਕਾਰ ਵਾਰਿਸ਼ ਸ਼ਾਹ ਨੂੰ ਸੰਬੋਧਿਤ ਹੈ। ਵਾਰਿਸ ਸ਼ਾਹ ਦਾ ਕਿੱਸਾ 'ਹੀਰ ਰਾਂਝਾ' ਪੰਜਾਬ ਵਿੱਚ ਬਹੁਤ ਪ੍ਰਚਲਿਤ ਹੈ। ਅਮ੍ਰਿਤਾ ਪ੍ਰੀਤਮ ਵਾਰਿਸ ਦੇ ਸਮੇਂ ਦੀ ਸਾਂਝ ਤੇ ਲੋਕ-ਦਰਦ ਨੂੰ ਇੱਕ ਆਦਰਸ਼ ਦੇ ਤੌਰ ਉੱਤੇ ਲੈ ਕੇ, ਆਪਣੇ ਸਮੇਂ ਦੀ ਨਾਰੀ ਉੱਪਰ ਹੋਏ ਅਸਹਿ ਅਤਿਆਚਾਰਾਂ ਦਾ ਜ਼ਿਕਰ ਕਰਦੀ ਹੈ। ਉਹ ਵਾਰਿਸ ਨੂੰ ਇਸ ਲਈ ਯਾਦ ਕਰਦੀ ਹੈ ਕਿ ਵਾਰਿਸ ਨੇ ਪੰਜਾਬ ਦੀ ਇੱਕ ਧੀ 'ਹੀਰ' ਦੇ ਵੈਣ ਸੁਣੇ ਤੇ ਉਸ ਦੀ ਦੁਖਦਾਈ ਕਹਾਣੀ ਨੂੰ ਗਾਇਆ ਪਰ ਅਮ੍ਰਿਤਾ ਨੇ ਤਾਂ ਪੰਜਾਬ ਦੀਆਂ ਲੱਖਾਂ ਧੀਆਂ ਨੂੰ ਉੱਜੜਦੇ ਤੱਕਿਆ ਤੇ ਉਨ੍ਹਾਂ ਦੇ ਦੁਖੜਿਆਂ ਨੂੰ ਬਿਆਨ ਕਰਨ ਦਾ ਜਤਨ ਕੀਤਾ।

1947 ਈ: ਦੀ ਪੰਜਾਬ ਦੀ ਵੰਡ ਨੇ ਸਾਰੇ ਦੇਸ਼ ਨੂੰ ਹਲੂਣ ਦਿੱਤਾ। ਅਮ੍ਰਿਤਾ ਪ੍ਰੀਤਮ ਦੇ ਕੋਮਲ ਜਜ਼ਬਿਆਂ ਨੇ ਠੇਸ

ਖਾਧੀ ਅਤੇ ਬੇਘਰ ਹੋਏ ਲੱਖਾਂ ਲੋਕਾਂ ਦੀ ਪੀੜ ਨੂੰ ਮਹਿਸੂਸ ਕਰਕੇ ਉਸ ਨੇ ਇਹ ਕਵਿਤਾ ਲਿਖੀ ਤੇ ਇਸ ਵਿੱਚ ਮਨੁੱਖੀ ਹਿਰਦੇ ਦਾ ਸਾਰਾ ਦਰਦ, ਸਾਰੀ ਵੇਦਨਾ ਤੇ ਪੀੜਾ ਭਰ ਦਿੱਤੀ।

ਪੰਜ ਦਰਿਆ ਹੀ ਨਹੀਂ ਵੰਡੇ ਗਏ, ਖੇਤ, ਡੰਗਰ, ਚਰਖੇ, ਪੀੜ੍ਹੇ, ਸਭ ਤਹਿਸ-ਨਹਿਸ ਹੋ ਗਏ। ਇੱਕ ਮੁੱਠ ਹੋ ਕੇ ਮਨਾਏ ਜਾਣ ਵਾਲੇ ਤਿਉਹਾਰਾਂ ਤੇ ਰੀਤਾਂ ਵਿੱਚ ਵੀ ਲਹੂ ਦੀ ਲਕੀਰ ਖਿੱਚ ਦਿੱਤੀ ਗਈ। ਉਹ ਪੰਜਾਬ ਦੇ ਪੰਜ ਦਰਿਆਵਾਂ ਨੂੰ ਲਹੂ ਨਾਲ ਭਰਿਆ ਹੋਇਆ ਦੱਸਦੀ ਹੈ ਤੇ ਦੁਖੀ ਪੰਜਾਬ ਦੀ ਦਰਦ-ਭਰੀ ਅਵਾਜ਼ ਪੇਸ਼ ਕਰਦੀ ਹੈ।

ਅਮ੍ਰਿਤਾ ਦੀ ਇਹ ਕਵਿਤਾ ਹਿੰਦੁਸਤਾਨ ਤੇ ਪਾਕਿਸਤਾਨ ਦੋਹਾਂ ਵਿੱਚ ਬੜੀ ਹਰਮਨ-ਪਿਆਰੀ ਹੋਈ।

### 16.3.2 ਅਰਥ ਤੇ ਵਿਆਖਿਆ

ਅੱਜ ਆਖਾਂ ਵਾਰਸ ਸ਼ਾਹ ਨੂੰ

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ

ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ

ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਟੱਟ ਫੁੱਟ ਚੜ੍ਹਿਆ ਕਹਿਰ
ਵਿਹੁ ਵਲਿੱਸੀ ਵਾ ਫਿਰੇ ਵਣ ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।

ਪਹਿਲਾਂ ਡੰਗ ਮਦਾਰੀਆਂ ਮੰਤਰ ਗਏ ਗੁਆਚ
ਦੂਜੇ ਡੰਗ ਦੀ ਲਗ ਗਈ ਜਣੇ-ਖੁਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ, ਬੱਸ ਫਿਰ ਡੰਗ ਹੀ ਡੰਗ
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ

ਗਲਿਓਂ ਟੁੱਟੇ ਗੀਤ ਫਿਰ ਤੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚੱਰਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।

ਜਿੱਥੇ ਵੱਜਦੀ ਸੀ ਫੂਕ ਪਿਆਰ ਦੀ, ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਹਦੀ ਜਾਚ
ਧਰਤੀ ਤੇ ਲਹੂ ਵੱਸਿਆ, ਕਬਰਾਂ ਪਈਆ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ
ਅੱਜ ਸਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਸ ਸ਼ਾਹ ਇੱਕ ਹੋਰ।

ਅੱਜ ਆਖਾਂ ਵਾਰਿਸ ਸ਼ਾਹ ਨੂੰ ਤੂੰਹੇਂ ਕਬਰਾਂ ਵਿੱਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!

ਇਹ ਕਵਿਤਾ ਇਕ ਸੱਦ ਜਾਂ ਸੰਬੋਧਨ-ਗੀਤ ਹੈ, ਜੋ ਅਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਤੋਂ ਪ੍ਰਭਾਵਿਤ ਹੋ ਕੇ ਔਰਤਾਂ ਉੱਪਰ ਹੋਏ ਜ਼ੁਲਮ ਤੇ ਜ਼ਬਰ ਨੂੰ ਦੇਖ ਕੇ ਅੰਕਿਤ ਕੀਤਾ ਹੈ।

ਇਸ ਕਵਿਤਾ ਦੇ ਅਰਥਾਂ ਲਈ ਤੁਸੀਂ ਇਸ ਦੇ ਤਿੰਨ ਭਾਗ ਬਣਾ ਸਕਦੇ ਹੋ:

ਪਹਿਲਾ ਭਾਗ (ਪੰਕਤੀਆਂ 1-16)
**ਅਰਥ** : ਕਵਿਤਰੀ ਵਾਰਿਸ ਸ਼ਾਹ ਨੂੰ ਸੰਬੋਧਨ ਕਰ ਕੇ ਆਖਦੀ ਹੈ ਕਿ ਉਹ ਕਿਤੋਂ ਕਬਰਾਂ (=ਕਬਰ ਉਹ ਥਾਂ ਜਿੱਥੇ ਮੁਸਲਮਾਨ ਮੁਰਦਾ ਸ਼ਰੀਰ ਨੂੰ ਦੱਬਦੇ ਹਨ) ਵਿੱਚੋਂ ਬੋਲੇ! ਤੇ ਅੱਜ ਇਸ਼ਕ (=ਪਿਆਰ) ਦੀ ਕਿਤਾਬ (=ਲਿਖਤ) ਦਾ ਕੋਈ ਅਗਲਾ ਵਰਕਾ ਫੋਲੇ! ਕਿਉਂਕਿ ਉਸ ਨੇ ਪੰਜਾਬ ਦੀ ਇੱਕ ਧੀ ਦੇ ਰੋਣ ਉੱਤੇ ਉਸ ਦੇ ਵੈਣ (=ਵਿਰਲਾਪ, ਕੀਰਨੇ) ਲਿਖੇ ਸਨ, ਅੱਜ ਉਸ ਵਰਗੀਆਂ ਲੱਖਾਂ ਧੀਆਂ ਰੋ ਰਹੀਆਂ ਹਨ ਤੇ ਵਾਰਿਸ ਸ਼ਾਹ ਨੂੰ ਆਖ ਰਹੀਆਂ ਹਨ ਕਿ ਵੇ ਦਰਦਮੰਦਾਂ (=ਦੁਖੀਆਂ) ਦੇ ਦਰਦੀਆ (=ਦੁੱਖ ਵੰਡਾਉਣ ਵਾਲਿਆ) ਉੱਠ ਕੇ ਆਪਣਾ ਪੰਜਾਬ ਦੇਖ, ਅੱਜ ਬੇਲੇ (=ਜੰਗਲ, ਦਰਿਆ ਦੇ ਕੰਢੇ ਦਾ ਉਜਾੜ ਥਾਂ) ਲਾਸ਼ਾਂ ਵਿਛੀਆਂ ਹੋਈਆਂ ਹਨ ਤੇ ਚਨਾਬ (=ਝਨਾਂ = ਪੰਜਾਬ ਦੇ ਪੰਜਾਂ ਦਰਿਆਵਾਂ) ਵਿੱਚ ਜ਼ਹਿਰ ਰਲਾ ਦਿੱਤੀ ਹੈ ਤੇ ਉਨ੍ਹਾਂ ਪਾਣੀਆਂ ਨੇ ਧਰਤੀ ਨੂੰ ਪਾਣੀ ਲਾਇਆ (=ਸਿੰਜ

ਦਿੱਤਾ) ਹੈ। ਇਸ ਨਾਲ ਇਹ ਹੋਇਆ ਹੈ ਕਿ ਇਸ ਦੀ (=ਪੰਜਾਬ ਦੀ) ਜ਼ਰਖੇਜ਼ (=ਉਪਜਾਊ) ਜ਼ਮੀਨ ਦੇ ਲੂੰ-ਲੂੰ (=ਇੱਕ-ਇੱਕ ਰੋਮ) ਵਿੱਚ ਜ਼ਹਿਰ ਫੁੱਟ ਪਿਆ ਹੈ. ਗਿੱਠ-ਗਿੱਠ ਲਾਲੀਆਂ (=ਰੋਹ) ਚੜ੍ਹ ਗਈਆਂ ਹਨ ਤੇ ਫੁੱਟ-ਫੁੱਟ ਕਹਿਰ (=ਬੇਹੱਦ ਗੁੱਸਾ) ਚੜ੍ਹ ਗਿਆ ਹੈ। ਵਿਹੁ-ਵਲਿੱਸੀ (=ਜ਼ਹਿਰ ਦੀ ਭਰੀ ਹੋਈ) ਵਾ (=ਹਵਾ) ਫਿਰ ਵਣ ਵਣ (=ਜੰਗਲਾਂ. ਉਜਾੜਾਂ ਵਿੱਚ. ਭਾਵ ਹਰ ਥਾਂ) ਜਾ ਕੇ ਵੱਗੀ ਤੇ ਉਸ ਨੇ ਹਰੇਕ ਬਾਂਸ ਦੀ ਵੰਝਲੀ (=ਬੰਸਰੀ) ਨੂੰ ਨਾਗ (=ਜ਼ਹਿਰੀਲੀ) ਬਣਾ ਦਿੱਤਾ। ਪਹਿਲਾਂ ਡੰਗ ਮਦਾਰੀਆਂ (=ਉਹ ਲੋਕ ਜਿਨ੍ਹਾਂ ਦੇ ਹੱਥ ਵਿੱਚ ਸਾਰੀ ਖੇਡ ਸੀ) ਨੂੰ ਲੱਗਾ ਤੇ ਉਨ੍ਹਾਂ ਨੂੰ ਮੰਤਰ (=ਕਾਬੂ ਰੱਖਣ ਦੇ ਢੰਗ) ਭੁੱਲ ਗਏ। ਦੂਜੇ ਵਿੱਚ ਜਣੇ ਖਣੇ (=ਹਰ ਇੱਕ) ਨੂੰ ਡੰਗ ਮਾਰਨ ਦੀ ਲਾਗ (=ਛੋਹ) ਲੱਗ ਗਈ। ਨਾਗਾਂ ਕੀਲੇ (=ਵੈਰ/ਦੁਸ਼ਮਨੀ ਦੇ ਵੱਸ ਆ ਕੇ) ਮੂੰਹ ਫਿਰ ਡੰਗ ਹੀ ਡੰਗ ਚਲਾਉਂਦੇ ਗਏ ਤੇ ਪਲੋ-ਪਲੀ (=ਛੇਤੀ ਹੀ) ਪੰਜਾਬ ਦੇ ਸਾਰੇ ਅੰਗ ਨੀਲੇ ਪੈ ਗਏ (=ਜ਼ਹਿਰੀਲੇ ਪ੍ਰਭਾਵ ਦੀ ਲਪੇਟ ਵਿੱਚ ਆ ਗਏ)

**ਵਿਆਖਿਆ** : ਵੰਡ ਦੇ ਅਸਹਿ ਦੁਖਾਂਤ ਨੂੰ ਦੇਖ ਕੇ ਅਮ੍ਰਿਤਾ ਦਾ ਹਿਰਦਾ ਰੋ ਉੱਠਦਾ ਹੈ ਤੇ ਉਸ ਦਾ ਧਿਆਨ ਵਾਰਿਸ ਸ਼ਾਹ ਵੱਲ ਜਾਂਦਾ ਹੈ। ਵਾਰਿਸ ਸ਼ਾਹ ਪੰਜਾਬੀ ਦਾ ਪ੍ਰਸਿੱਧ ਕਿੱਸਾ ਕਵੀ ਸੀ ਜਿਸ ਨੇ ਹੀਰ ਦੇ ਦੁੱਖ ਨੂੰ ਸਮਝ ਕੇ ਉਸ ਦੇ ਪਿਆਰ ਦਾ ਕਿੱਸਾ ਲਿਖਿਆ ਤੇ ਉਸ ਦੀ ਕਹਾਣੀ ਨੂੰ ਅਮਰ ਵੀ ਬਣਾਇਆ। ਅਮ੍ਰਿਤਾ ਵਾਰਿਸ ਦੇ ਪ੍ਰੇਮ ਦੇ ਕਿੱਸੇ ਨੂੰ ਯਾਦ ਕਰਦੀ ਹੋਈ. ਉਸ ਨੂੰ ਨਵੇਂ ਸਿਰਿਓਂ ਅੱਜ ਦਾ ਦੁਖਾਂਤ ਬਿਆਨ ਕਰਨ ਲਈ ਆਖਦੀ ਹੈ। ਵਾਰਿਸ ਨੇ ਪੰਜਾਬ ਦੀ ਇੱਕ ਧੀ 'ਹੀਰ' ਦੀ ਦੁੱਖ ਦੀ ਕਹਾਣੀ ਉੱਤੇ ਕੀਰਨੇ ਪਾਏ ਸਨ ਪਰ ਅੱਜ ਤਾਂ ਉਸ ਵਰਗੀਆਂ ਲੱਖਾਂ ਧੀਆਂ ਮੁਸੀਬਤ ਵਿੱਚ ਫਸੀਆਂ ਹੋਈਆਂ ਵਾਰਿਸ ਨੂੰ ਕੂਕ-ਕੂਕ ਕੇ ਆਖ ਰਹੀਆਂ ਹਨ ਕਿ ਉੱਠ ਕੇ ਆਪਣੇ ਹੁਣ ਦੇ ਪੰਜਾਬ ਵੱਲ ਝਾਤੀ ਮਾਰ। ਅੱਜ ਏਨਾ ਮੰਦਾ ਹਾਲ ਹੈ ਕਿ ਜੰਗਲ ਬੇਲੇ ਲਾਸ਼ਾਂ ਨਾਲ ਭਰੇ ਪਏ ਹਨ। ਏਥੇ ਇਹ ਭਾਵ ਵੀ ਹੈ ਕਿ ਜਿਨ੍ਹਾਂ ਇਕਾਂਤ ਥਾਵਾਂ ਤੇ ਹੀਰ ਤੇ ਰਾਂਝਾ ਇਕੱਠੇ ਹੋ ਕੇ ਪਿਆਰ ਦੀ ਛੂਹ ਲਾਉਂਦੇ ਸਨ ਓਥੇ ਅੱਜ ਲਾਸ਼ਾਂ ਦੇ ਢੇਰ ਲੱਗੇ ਹੋਏ ਹਨ। ਉਹ ਝਨਾਂ ਦਰਿਆ. ਜਿੱਥੇ ਪ੍ਰੇਮ-ਪਿਆਰ ਠਾਠਾਂ ਮਾਰਦਾ ਸੀ. ਅੱਜ ਬੇਗੁਨਾਹਾਂ ਦੇ ਲਹੂ ਨਾਲ ਭਰਿਆ ਪਿਆ ਹੈ।

ਕਿਸੇ ਦੁਸ਼ਟ ਨੇ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਵਿੱਚ ਨਫਰਤ ਤੇ ਦੁਸ਼ਮਨੀ ਦੀ ਜ਼ਹਿਰ ਮਿਲਾ ਦਿੱਤੀ ਹੈ। ਇਸ ਜ਼ਹਿਰ ਨੇ ਸਾਰੀ ਧਰਤ ਦੂਸ਼ਿਤ ਕਰ ਦਿੱਤੀ ਹੈ। ਸਭ ਪਾਸੇ ਕ੍ਰੋਪ ਦੀ ਅੱਗ ਭੜਕ ਉੱਠੀ ਹੈ। ਨਫ਼ਰਤ ਤੇ ਗੁੱਸੇ ਦੀ ਹਵਾ ਚੱਲ ਪਈ ਹੈ ਜਿਸ ਨੇ ਸਭ ਨੂੰ ਜ਼ਹਿਰੀਲੇ ਨਾਗ ਬਣਾ ਦਿੱਤਾ ਹੈ।

ਪਹਿਲਾ ਡੰਗ ਉਨ੍ਹਾਂ ਲੋਕਾਂ ਨੂੰ ਲੱਗਾ ਜਿਨ੍ਹਾਂ ਦੇ ਹੱਥਾਂ ਵਿੱਚ ਸਾਰੀ ਵਾਗਡੋਰ ਸੀ. ਇਸ ਨਾਲ ਹਾਲਤ ਉਨ੍ਹਾਂ ਦੇ ਕਾਬੂ ਹੇਠ ਨਾ ਰਹੀ। ਫੇਰ ਸਭ ਪਾਸੇ ਡੰਗ ਹੀ ਡੰਗ ਫੈਲ ਗਏ ਤੇ ਹਰੇਕ ਨੇ ਦੂਜੇ ਨੂੰ ਮਾਰਨਾ ਤੇ ਕੋਹਣਾ ਸ਼ੁਰੂ ਕਰ ਦਿੱਤਾ। ਇਹ ਬਦਅਮਨੀ ਸਾਰੇ ਪੰਜਾਬ ਵਿੱਚ ਫੈਲ ਗਈ ਤੇ ਸਾਰਾ ਪੰਜਾਬ ਇਸ ਜ਼ਹਿਰ ਦੇ ਮਾਰੂ ਪ੍ਰਭਾਵ ਹੇਠ ਆ ਗਿਆ।

ਦੂਜਾ ਭਾਗ (ਪੰਕਤੀਆਂ 17-24)

**ਅਰਥ** : (ਲੋਕਾਂ ਦੇ) ਗਲਿਆਂ ਵਿੱਚੋਂ ਗੀਤ ਟੁੱਟ ਗਏ (=ਖ਼ਤਮ ਹੋ ਗਏ) ਤੇ ਤੱਕਲਿਓਂ (=ਚਰਖਿਆਂ ਦੇ ਤਕਲਿਆਂ ਤੋਂ) ਤੰਦ ਟੁੱਟ ਗਈ. ਤ੍ਰਿੰਜਣ (=ਕੱਤਣ ਵਾਲੀਆਂ ਔਰਤਾਂ ਦੇ ਇਕੱਠ) ਤੋਂ ਸਹੇਲੀਆਂ ਟੁੱਟ ਗਈਆਂ ਤੇ ਚਰਖਿਆਂ ਦੀ ਘੂਕਰ (ਚੱਲਣ ਦੀ ਆਵਾਜ਼) ਬੰਦ ਹੋ ਗਈ। ਲੁੱਡਣ (=ਹੀਰ ਦੀ ਬੇੜੀ ਦੇ ਮਲਾਹ) ਨੇ ਸਜੀਆਂ ਹੋਈਆਂ ਸੇਜਾਂ ਦੇ ਸਣੇ (=ਸਮੇਤ) ਬੇੜੀਆਂ ਰੋੜ੍ਹ ਦਿੱਤੀਆਂ. ਤੇ ਪਿੱਪਲਾਂ (=ਪਿੱਪਲ ਦਿਆਂ ਦਰਖਤਾਂ) ਨੇ ਡਾਲੀਆਂ ਦੇ ਸਣੇ ਪੀਂਘਾਂ ਤੋੜ ਦਿੱਤੀਆਂ।

ਜਿੱਥੇ ਪਿਆਰ ਦੀ ਫੂਕ ਵੱਜਦੀ ਸੀ. ਉਹ ਵੰਝਲੀ (=ਬੰਸਰੀ) ਗੁਆਚ ਗਈ ਅਤੇ ਰਾਂਝਾ ਤੇ ਉਸ ਦੇ ਸਾਰੇ ਵੀਰ (=ਭਰਾ) ਅੱਜ ਇਸ ਦੀ ਜਾਚ (=ਢੰਗ) ਭੁੱਲ ਗਏ। ਧਰਤੀ ਉੱਤੇ ਲਹੂ ਵੱਸਿਆ (=ਬਾਰਸ਼ ਹੋਈ) ਤੇ ਕਬਰਾਂ ਚੋਣ ਲੱਗ ਪਈਆਂ। ਪ੍ਰੀਤਾਂ (=ਪਿਆਰ) ਦੀਆਂ ਸ਼ਾਹਜ਼ਾਦੀਆਂ (=ਰਾਜਕੁਮਾਰੀਆਂ) ਮਜ਼ਾਰਾਂ (=ਕਬਰਾਂ. ਕਬਰਿਸਤਾਨ) ਵਿੱਚ ਖੜੀਆਂ ਰੋਂਦੀਆਂ ਹਨ।

**ਵਿਆਖਿਆ** : ਦੇਸ਼ ਦੀ ਵੰਡ ਵੇਲੇ ਮੁਟਿਆਰਾਂ ਉੱਪਰ ਬਹੁਤ ਜ਼ੁਲਮ ਤੇ ਜ਼ਬਰ ਹੋਇਆ। ਜਿਹੜੀਆਂ ਔਰਤਾਂ ਇਕੱਠੀਆਂ ਹੋ ਕੇ ਤ੍ਰਿੰਞਣ ਵਿੱਚ ਚਰਖੇ ਕੱਤਦੀਆਂ ਹੁੰਦੀਆਂ ਸਨ ਹੁਣ ਉਹ ਨਫ਼ਰਤ ਦਾ ਸ਼ਿਕਾਰ ਹੋ ਕੇ ਇੱਕ ਦੂਜੇ ਤੋਂ ਟੁੱਟ ਗਈਆਂ। ਚਰਖੇ ਚੱਲਣੇ ਬੰਦ ਹੋ ਗਏ। ਉਨ੍ਹਾਂ ਉਪਰ ਏਨੇ ਜ਼ੁਲਮ ਹੋਏ ਕਿ ਜਿਵੇਂ ਲੁੱਡਣ ਵਰਗੇ ਮਲਾਹ ਨੇ ਉਨ੍ਹਾਂ ਦੀਆਂ ਸੇਜਾਂ ਵਾਲੀਆਂ ਬੇੜੀਆਂ ਰੋੜ੍ਹ ਦਿੱਤੀਆਂ ਹੋਣ ਜਾਂ ਜਿਨ੍ਹਾਂ ਪਿੱਪਲਾਂ ਉੱਤੇ ਉਨ੍ਹਾਂ ਪੀਂਘਾਂ ਪਾਈਆਂ ਸਨ ਉਹ ਡਾਲਾਂ ਸਣੇ ਟੁੱਟ ਗਈਆਂ ਹੋਣ। ਕਹਿਣ ਦਾ ਭਾਵ ਇਹ ਹੈ ਕਿ ਔਰਤ ਜਾਤ ਉੱਪਰ ਹੋਏ ਵੱਧ ਜ਼ੁਲਮ ਢਹਿ ਪਏ ਅਤੇ ਜੋ ਉਨ੍ਹਾਂ ਦੀ ਰਾਖੀ ਕਰਨ ਵਾਲੇ ਸਨ ਉਨ੍ਹਾਂ ਨੇ ਆਪਣੇ ਹੱਥੀਂ ਇਹ ਜ਼ੁਲਮ ਢਾਉਣ ਵਿੱਚ ਕੋਈ ਕਸਰ ਨਾ ਛੱਡੀ। ਜਿੱਥੇ ਹਰ ਥਾਂ ਪਿਆਰ ਦੀ ਮਿੱਠੀ ਭਾਵਨਾ ਮਿਲਦੀ ਸੀ. ਉਸ ਨੂੰ ਸਨ. ਭੁੱਲ ਬੈਠੇ। ਰਾਂਝੇ ਦੇ ਵੀਰ ਭਾਵ ਸਾਰੀ ਮਰਦ ਕੌਮ ਨੂੰ ਪਿਆਰ ਦੀ ਜਾਚ ਭੁੱਲ ਗਈ ਤੇ ਉਨ੍ਹਾਂ ਏਨੀ ਵੱਢ-ਟੁੱਕ ਕੀਤੀ ਕਿ ਧਰਤੀ ਤੇ ਸਭ ਪਾਸੇ ਲਹੂ ਦਾ ਮੀਂਹ ਵਸਦਾ ਨਜ਼ਰ ਆਉਣ ਲੱਗ ਪਿਆ। ਮਜ਼ਾਰਾਂ ਭਾਵ ਕਬਰਿਸਤਾਨ ਵਿੱਚ ਮਰੀਆਂ ਹੋਈਆਂ ਪ੍ਰੀਤਾਂ ਦੀਆਂ ਰਾਜ ਕੁਮਾਰੀਆਂ. ਇਹ ਸਾਰਾ ਦੁਖਾਂਤ ਦੇਖ ਕੇ ਰੋਂਦੀਆਂ ਕੁਰਲਾਉਂਦੀਆਂ ਜਾਪੀਆਂ।

ਤੀਜਾ ਭਾਗ (ਪੰਕਤੀਆਂ 18-21)

**ਅਰਥ** : ਅੱਜ ਸੱਭੇ ਕੈਦੋਂ (=ਹੀਰ ਦਾ ਚੁਗ਼ਲਖ਼ੋਰ ਚਾਚਾ. ਜੋ ਹੀਰ ਦਾ ਪਿਆਰ ਪੂਰਾ ਨਹੀਂ ਸੀ ਹੋਣ ਦੇਂਦਾ)। ਵਾਂਗ ਹੁਸਨ ਇਸ਼ਕ (=ਖ਼ੂਬਸੂਰਤੀ ਤੇ ਪਿਆਰ) ਦੇ ਚੋਰ ਬਣ ਗਏ ਹਨ। ਅੱਜ ਇੱਕ ਹੋਰ ਵਾਰਿਸ ਸ਼ਾਹ (=ਹਮਦਰਦ) ਕਿੱਥੋਂ ਲੱਭ ਕੇ ਲਿਆਈਏ।

ਅੱਜ ਵਾਰਿਸ ਸਾਹ ਨੂੰ ਆਖਦੇ ਹਾ ਕਿ ਤੂੰਹੇਂ (=ਤੂੰ ਹੀ) ਕਬਰਾਂ ਵਿੱਚੋਂ ਬੋਲ ਤੇ ਅੱਜ ਪਿਆਰ ਦੀ ਕਿਤਾਬ ਦਾ ਕੋਈ ਅਗਲਾ ਪੰਨਾ ਫੋਲ।

**ਵਿਆਖਿਆ** : ਕਵਿਤਰੀ ਨੂੰ ਕੈਦੋਂ ਵਾਂਗ ਸਭ ਚੋਰ ਤੇ ਚੁਗ਼ਲਖ਼ੋਰ ਬਣੇ ਹੋਏ ਨਜ਼ਰ ਆਉਂਦੇ ਹਨ। ਇਨ੍ਹਾਂ ਦੀ ਬੇਈਮਾਨੀ ਤੇ ਕੁਟਿਲ ਨੀਤੀ ਸਭ ਪਾਸੇ ਛਾਈ ਹੋਈ ਹੈ। ਇਸ ਸਮੇਂ ਵਾਰਿਸ ਸ਼ਾਹ ਵਰਗਾ ਕੋਈ ਹਮਦਰਦੀ ਨਜ਼ਰ ਨਹੀਂ ਆਉਂਦਾ ਜੋ ਉਨ੍ਹਾਂ ਦਾ ਦੁਖੜਾ ਸੁਣ ਕੇ ਉਨ੍ਹਾਂ ਨਾਲ ਦੁੱਖ ਵੰਡਾ ਸਕੇ।

ਏਸ ਲਈ ਦੁੱਖ-ਭਰੇ ਲਹਿਜੇ ਨਾਲ ਕਵਿਤਰੀ ਕਬਰਾਂ ਵਿੱਚ ਮਰੇ ਪਏ ਵਾਰਿਸ ਨੂੰ ਸੰਬੋਧਨ ਕਰਕੇ ਬੁਲਾਉਂਦੀ ਹੈ ਕਿ ਉਹੀ ਕਬਰਾਂ ਵਿੱਚੋਂ ਉਠੇ ਤੇ ਬੋਲੇ ਅਤੇ ਜਿਵੇਂ ਪਹਿਲਾਂ ਉਸ ਨੇ ਪਿਆਰ ਦੀ ਕਹਾਣੀ ਸੁਣਾਈ ਸੀ ਅਤੇ ਹੀਰ ਦਾ ਦੁੱਖ ਬਿਆਨ ਕੀਤਾ ਸੀ ਉਸੇ ਤਰ੍ਹਾਂ ਅੱਜ ਇਸ ਦੁਖਾਂਤ ਉੱਤੇ ਪਹਿਲਾਂ ਵਰਗਾ ਹੀ ਕਿੱਸਾ ਤਿਆਰ ਕਰੇ। ਕਹਾਣੀ ਦਾ ਅਗਲਾ ਪੱਖ ਪੇਸ਼ ਕਰੇ ਤੇ ਕੀਰਨੇ ਵਹਾਏ।

## 16.3.3 ਵਿਸ਼ਾ ਤੇ ਕਲਾ

ਅਮ੍ਰਿਤਾ ਪ੍ਰੀਤਮ ਦੇ ਦਿਲ ਵਿੱਚ ਔਰਤ ਦੇ ਕੋਮਲ ਭਾਵਾਂ ਦੀ ਨਿੱਘ ਤੇ ਪਛਾਣ ਹੈ. ਉਹ ਔਰਤ ਨਾਲ ਹੁੰਦੀ ਬੇਇਨਸਾਫ਼ੀ ਨੂੰ ਦੇਖ ਕੇ ਕੁਰਲ੍ਹਾ ਉੱਠਦੀ ਹੈ। ਔਰਤ ਜਾਤੀ ਹਮੇਸ਼ਾ ਮਰਦ ਦੀਆਂ ਵਧੀਕੀਆਂ ਦਾ ਸ਼ਿਕਾਰ ਹੁੰਦੀ ਆਈ ਹੈ। ਵੰਡ ਦੇ ਦੁਖਾਂਤ ਵਿੱਚ ਤਾਂ ਇਸਤਰੀਆਂ ਉੱਪਰ ਹੋਰ ਵੱਧ ਮੁਸੀਬਤਾਂ ਢਹਿ ਪਈਆਂ ਸਨ। ਔਰਤ ਹਰ ਤਰ੍ਹਾਂ ਦੇ ਜ਼ੁਲਮ-ਜਬਰ ਦਾ ਸ਼ਿਕਾਰ ਹੋਈ ਤੇ ਖੁਲ੍ਹੇ-ਆਮ ਉਸ ਦੀ ਪਤ ਲੁੱਟੀ ਗਈ। ਇਸ ਚੁਤਰਫ਼ੀ ਹਨੇਰ-ਗਰਦੀ ਵਿੱਚ ਉਸ ਦਾ ਮਾ ਭੈਣ ਧੀ ਵਰਗਾ ਪਿਆਰ-ਰੂਪ ਸਭ ਨੇ ਵਿਸਾਰ ਦਿੱਤਾ। ਇਸ ਕਵਿਤਾ ਦੁਆਰਾ ਅਮ੍ਰਿਤਾ ਨੇ ਸਾਰੀ ਇਸਤਰੀ ਜਾਤੀ ਦੀ ਸਹੀ ਤਸਵੀਰ ਖਿੱਚੀ ਹੈ।

ਇਸ ਕਵਿਤਾ ਵਿੱਚ ਅਮ੍ਰਿਤਾ ਪ੍ਰੀਤਮ ਨੇ ਰਾਜਸੀ ਆਗੂਆਂ ਧਰਮ ਦੇ ਠੇਕੇਦਾਰਾਂ ਤੇ ਆਮ ਲੋਕਾਂ ਉੱਪਰ ਜਿਨ੍ਹਾਂ ਦੇ ਹੱਥੀਂ ਸਾਰੀਆਂ ਕਦਰਾਂ-ਕੀਮਤਾਂ ਤਹਿਸ ਨਹਿਸ ਹੋ ਗਈਆਂ ਸਨ. ਤੀਖਣ ਵਿਅੰਗ ਕੀਤੇ ਹਨ। ਉਹ ਧਰਮ ਦੇ ਨਾਂ ਉੱਤੇ ਅਤਿਆਚਾਰ ਕਰਨ ਵਾਲਿਆਂ ਦੀ ਨਿੰਦਾ ਕਰਦੀ ਹੈ। ਇਹ ਧਾਰਮਿਕ ਲੋਕ ਮਜ਼ਹਬ ਦੇ ਨਾਂ ਉੱਤੇ ਲੋਕਾਂ ਵਿੱਚ ਵਿਤਕਰੇ ਤੇ ਫੁੱਟ ਪਾ ਕੇ ਨਿਜੀ ਲਾਭ ਹਾਸਿਲ ਕਰਦੇ ਹਨ ਇਨ੍ਹਾਂ ਨੂੰ ਨਾ ਮਜ਼ਹਬ ਨਾਲ ਪ੍ਰੇਮ ਹੈ ਨਾਂ ਲੋਕਾਂ ਨਾਲ।

ਅਮ੍ਰਿਤਾ ਪ੍ਰੀਤਮ ਦੇ ਗੀਤਾਂ ਵਿੱਚ ਲੋਕਾਂ ਦੇ ਦਰਦ ਤੇ ਲੋਕਾਂ ਦੇ ਅਰਮਾਨ ਉਲੀਕੇ ਹੋਏ ਮਿਲਦੇ ਹਨ। ਉਸ ਵਿੱਚ ਬਹੁਤ ਵੱਡੀ ਦਲੇਰੀ ਹੈ ਜਿਸ ਨਾਲ ਉਹ ਸਮਾਜਿਕ ਬੁਰਾਈਆਂ ਤੇ ਗ਼ਲਤ ਕੀਮਤਾਂ ਵਿਰੁੱਧ ਅਵਾਜ਼ ਉਠਾਉਂਦੀ ਹੈ। ਉਹ ਵਿਅੰਗ-ਵਿਧੀ ਦੀ ਬਹੁਤ ਵਰਤੋਂ ਕਰਦੀ ਹੈ। ਉਹ ਲਹੂ-ਪੀਣੀਆਂ ਰੀਤਾਂ, ਨਿਰਰਥਕ ਰਸਮਾਂ ਤੇ ਅਣ-ਸੁਖਾਵੀਆਂ ਕਰਦਾਂ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੈ। ਇਸ ਕਵਿਤਾ ਵਿੱਚ ਉਹ ਆਪਣੇ ਮਨੋਭਾਵਾਂ ਨੂੰ ਪੇਸ਼ ਕਰਨ ਵਿੱਚ ਬੜੀ ਸਫ਼ਲ ਹੋਈ ਹੈ ਤੇ ਵਾਰਿਸ ਵੱਲੋਂ ਬੜੀ ਕਲਾਤਮਕ ਖ਼ੂਬੀ ਨਾਲ ਵਰਤੇ ਬੈਂਤ ਛੰਦ ਨੂੰ ਹੀ ਵਰਤਦੀ ਹੋਈ ਵਾਰਿਸ ਨੂੰ ਸੰਬੋਧਨ ਕਰਦੀ ਹੈ।

ਅਮ੍ਰਿਤਾ ਪ੍ਰੀਤਮ ਦੀ ਕਵਿਤਾ ਵਿੱਚ ਵਿਅੰਜਨਾਂ ਰਾਹੀਂ ਅਰਥ ਪ੍ਰਗਟਾਉਣ ਦੀ ਬਹੁਤ ਪ੍ਰਵਿਰਤੀ ਹੈ। ਉਸ ਦੀ ਕਵਿਤਾ ਵਿੱਚ ਬਿੰਬ ਵੀ ਬਹੁਤ ਹੁੰਦੇ ਹਨ ਜੋ ਉਸ ਦੀ ਕਵਿਤਾ ਵਿੱਚ ਕਲਾ ਚਿਤ੍ਰਤਾਮਕਤਾ ਵਿੱਚ ਵਾਧਾ ਕਰਦੇ ਹਨ। ਉਸ ਦੇ ਬਿੰਬ ਬੜੇ ਸੁਭਾਵਿਕ ਹੁੰਦੇ ਹਨ ਤੇ ਉਸ ਤੇ ਪ੍ਰਗਟਾ-ਢੰਗ ਨੂੰ ਬੜਾ ਪ੍ਰਭਾਵਸ਼ਾਲੀ ਬਣਾਉਂਦੇ ਹਨ। ਜਿਵੇਂ 'ਅਗਲਾ ਵਰਕਾ ਫੋਲ.' 'ਬੇਲੇ ਲਾਸ਼ਾਂ ਵਿਛੀਆਂ' 'ਨੀਲੇ ਪੈ ਗਏ ਅੰਗਾਂ', 'ਤ੍ਰਿਕਲਿਓਂ ਟੁੱਟੀ ਤੰਦਾਂ', 'ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ' ਆਦਿ।

ਭਾਵਾਂ ਦੀ ਡੂੰਘਾਈ ਸਾਧਾਰਣ ਪ੍ਰਕਾਰ ਦੇ ਵਰਣਨ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ। ਭਾਵਾਂ ਦੇ ਪ੍ਰਗਟਾਓ ਲਈ ਕਵੀ ਨੂੰ ਰੂਪਕਾਂ/ਬਿੰਬਾਂ ਦਾ ਸਹਾਰਾ ਲੈਣਾ ਪੈਂਦਾ ਹੈ। ਪੰਜਾਬ ਦੀ ਵੰਡ ਤੋਂ ਪੈਦਾ ਹੋਏ ਦੁਖਾਂਤ ਨੇ ਇੱਕ ਵਾਰੀ ਤਾਂ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਅਮ੍ਰਿਤਾ ਪ੍ਰੀਤਮ ਦੇ ਕੋਮਲ ਜਜ਼ਬਿਆਂ ਨੂੰ ਠੇਸ ਲੱਗੀ ਤੇ ਜਿਵੇਂ ਉਸ ਨੂੰ ਲੱਖਾਂ ਬੇ ਘਰ ਤੇ ਬਰਬਾਦ ਲੋਕਾਂ ਦੀ ਪੀੜ ਨੂੰ ਮਹਿਸੂਸ ਕੀਤਾ। 'ਆਖਾਂ ਵਾਰਿਸ ਸ਼ਾਹ ਨੂੰ' ਨਾਂ ਦੀ ਪ੍ਰਸਿੱਧ 'ਸੱਦ' ਵਿੱਚ ਲਿਖਿਆ। 'ਸਦ' ਪੰਜਾਬੀ ਦਾ ਕਾਵਿ ਰੂਪ ਹੈ।

ਅਮ੍ਰਿਤਾ ਪ੍ਰੀਤਮ ਦੀ ਇਹ ਕਵਿਤਾ ਕਾਵਿ-ਕਲਾ ਦੇ ਪੱਖ ਤੋਂ ਬੜੀ ਸਰਲ ਹੈ। ਉਹ ਆਪਣੇ ਭਾਵ ਪ੍ਰਗਟਾਉਣ ਲਈ ਢੁਕਵੀਆਂ ਕਾਵਿ ਜੁਗਤਾਂ ਵਰਤਦੀ ਹੈ। ਉਸ ਨੇ ਆਪਣੇ ਕਾਵਿ ਅਨੁਭਵ ਦੇ ਅਨੁਕੂਲ 'ਸੱਦ' ਕਵਿ-ਰੂਪ ਚੁਣਿਆ ਹੈ ਅਤੇ ਵਿਅੰਗ ਤੇ ਬਿੰਬ ਦੀ ਵਰਤੋਂ ਦੁਆਰਾ ਬੇਮਿਸਾਲ ਪ੍ਰਭਾਵ ਸਿਰਜਿਆ ਹੈ।

**ਦੂਜਾ ਅਭਿਆਸ**

**ਨੋਟ**: ਹੇਠ-ਦੱਤੇ ਸਵਾਲਾਂ ਦੇ ਖ਼ਾਲੀ ਛੱਡੀਆਂ ਥਾਵਾਂ ਉੱਤੇ ਜਵਾਬ ਲਿਖਣੇ ਹਨ।

1 ਅਮ੍ਰਿਤਾ ਪ੍ਰੀਤਮ ਬਾਰੇ ਕੁੱਝ ਦੱਸ ਕੇ ਉਸ ਦੀਆਂ ਕਵਿਤਾਵਾਂ ਵਿਚਲੇ ਗੁਣਾਂ ਦਾ ਵੇਰਵਾ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਵਿੱਚ ਅਮ੍ਰਿਤਾ ਕੀ ਆਖ ਰਹੀ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 16.4 "ਅੱਖ ਕਾਸ਼ਨੀ" - ਸ਼ਿਵ ਕੁਮਾਰ

ਇਸ ਕਵਿਤਾ ਦੇ ਸੁਚੱਜੇ ਅਧਿਐਨ ਲਈ ਅਸੀਂ ਹੇਠ ਲਿਖੇ ਭਾਗ ਬਣਾਏ ਹਨ ਤਾਂ ਜੋ ਤੁਸੀਂ ਇਸ ਦੇ ਸਾਰੇ ਪੱਖਾਂ ਨੂੰ ਚੰਗੀ ਤਰ੍ਹਾਂ ਸਮਝ ਸਕੋ।

### 16.4.1 ਕਵੀ ਤੇ ਕਵਿਤਾ

ਸ਼ਿਵ ਕੁਮਾਰ (1937-1978 ਈ:) ਪੰਜਾਬੀ ਦਾ ਬਹੁਤ ਪ੍ਰਸਿੱਧ ਗੀਤਕਾਰ ਸੀ। ਉਸ ਦਾ ਜਨਮ 1937 ਈ: ਵਿੱਚ ਹੋਇਆ। ਉਹ ਪਟਵਾਰੀ ਵੀ ਲੱਗਾ ਰਿਹਾ ਤੇ ਬੈਂਕ ਦੀ ਨੌਕਰੀ ਵੀ ਕੀਤੀ ਪਰ ਇਨ੍ਹਾਂ ਬੰਧਨਾਂ ਵਿੱਚ ਉਹ ਬੱਝ ਨਾ ਸਕਿਆ। ਉਸ ਦੀ ਕਾਵਿ-ਰਚਨਾ ਗ਼ਮ ਤੇ ਬਿਰਹਾ ਦੇ ਵਰਨਣ ਨਾਲ ਭਰਪੂਰ ਹੈ। ਉਸ ਨੇ ਆਪਣੇ ਦਿਲ ਦੀ ਪੀੜ ਤੇ ਹਿਜਰ ਦੇ ਦੁੱਖ ਨੂੰ ਬੜੇ ਭਾਵੁਕ ਰੰਗ ਵਿੱਚ ਪ੍ਰਗਟ ਕੀਤਾ ਹੈ। ਉਸ ਦੀ ਕਵਿਤਾ ਆਪ-ਮੁਹਾਰੇ ਵੇਗ ਨਾਲ ਭਰਪੂਰ ਰੁਮਾਂਟਿਕ ਰਚਨਾ ਹੈ। ਉਸ ਦੀ ਮੌਤ ਨੇ ਬਹੁਤ ਛੇਤੀ ਉਸ ਨੂੰ ਪੰਜਾਬੀ ਕਾਵਿ-ਜਗਤ ਤੋਂ ਖੋਹ ਲਿਆ ਸੀ।

ਉਹ ਪੰਜਾਬ ਦੇ ਲੋਕ-ਵਿਰਸੇ ਦੀ ਸਹਿਜ ਪਛਾਣ ਕਰਾਉਣ ਵਾਲਾ ਸਫ਼ਲ ਕਵੀ ਸੀ। ਉਸ ਦੇ ਗੀਤਾਂ ਵਿੱਚ ਪੰਜਾਬ ਦੇ ਜੀਵਨ ਤੇ ਸਭਿਆਚਾਰ ਦੀ ਛੋਹ ਹੈ। ਉਸ ਦੀ ਵਿਲੱਖਣਤਾ ਇਸ ਵਿੱਚ ਹੈ ਕਿ ਉਹ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੋ ਨੂੰ ਪ੍ਰਗਟ ਕਰ ਸਕਿਆ ਹੈ। ਉਸ ਦੀ ਸਮੁੱਚੀ ਕਾਵਿ-ਸ਼ੈਲੀ ਪੰਜਾਬ ਦੀਆਂ ਰੁੱਤਾਂ, ਜੰਗਲ-ਬੇਲੇ, ਬਨ-ਬਨਸਪਤੀ ਦਾ ਸੁੰਦਰ ਚਿਤਰਨ ਕਰਦੀ ਹੈ। ਉਹ ਪ੍ਰਕਿਰਤੀ ਦੀ ਰੁਮਾਂਟਿਕ ਚਿਤਰਨ ਕਰਨ ਵਾਲਾ ਪ੍ਰਤਿਨਿਧ ਗੀਤਕਾਰ ਸੀ।

'ਅੱਖ ਕਾਸ਼ਨੀ' ਉਸ ਦਾ ਬਹੁਤ ਪ੍ਰਸਿੱਧ ਗੀਤ ਹੈ, ਜੋ ਬੜੇ ਸੁੰਦਰ ਰੂਪ ਵਿੱਚ ਗਾਇਆ ਵੀ ਗਿਆ ਹੈ। ਸ਼ਿਵ ਕੁਮਾਰ ਨੇ ਇਸ ਗੀਤ ਵਿੱਚ ਪੰਜਾਬੀ ਲੋਕ-ਜੀਵਨ ਦੇ ਕੁੱਝ ਪੱਖਾਂ ਨੂੰ ਏਨੀ ਸਾਦਗੀ ਤੇ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ ਕਿ ਇਸ ਵਿੱਚ ਇੱਕ ਲੋਕ ਗੀਤ ਦੀ ਨੁਹਾਰ ਆ ਗਈ ਹੈ। ਇਸ ਗੀਤ ਵਿੱਚ ਸਾਡੇ ਲੋਕ-ਜੀਵਨ ਦੀ ਇੱਕ ਛੋਟੀ ਕਾਤਰ ਪੇਸ਼ ਕੀਤੀ ਗਈ ਹੈ।

ਅੱਖ ਕਾਸ਼ਨੀ

ਨੀ ਇੱਕ ਮੇਰੀ ਅੱਖ ਕਾਸ਼ਨੀ,
ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ।
ਨੀ ਸ਼ੀਸ਼ੇ 'ਚ ਤੇਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦ ਮਾਰਿਆ।
ਇੱਕ ਮੇਰਾ ਦਿਉਰ ਨਿੱਕੜਾ,
ਭੈੜਾ ਘੜੀ-ਮੁੜੀ ਜਾਣ ਕੇ ਬੁਲਾਵੇ।
ਖੇਤਾਂ 'ਚੋਂ ਝਕਾਨੀ ਮਾਰ ਕੇ,
ਲੱਸੀ ਪੀਣ ਦੇ ਬਹਾਨੇ ਆਵੇ।

ਨੀ ਉਹਦੇ ਕੋਲੋਂ ਸੰਗਦੀ ਨੇ,
ਅਜੇ ਤੀਕ ਵੀ ਨਾ ਘੁੰਡ ਨੂੰ ਉਤਾਰਿਆ।
ਨੀ ਇੱਕ ਮੇਰੀ ਅੱਖ ਕਾਸ਼ਨੀ ...........

ਦੂਜੀ ਮੇਰੀ ਸੱਸ ਚੰਦਰੀ,
ਭੈੜੀ ਰੋਹੀ ਦੀ ਕਿੱਕਰ ਤੋਂ ਕਾਲੀ,
ਗੱਲੇ-ਕੱਥੇ ਵੀਰ ਪੁਣਦੀ,
ਨਿੱਤ ਦੇਵੇ ਮਾਪਿਆਂ ਨੂੰ ਗਾਲੀ।
ਨੀ ਰੱਬ ਜਾਣੇ ਤੱਤੜੀ ਦਾ
ਕਿਹੜਾ ਲਾਚੀਆਂ ਦਾ ਬਾਗ ਮੈਂ ਉਜਾੜਿਆ।
ਨੀ ਇੱਕ ਮੇਰੀ ਅੱਖ ਮੇਰੀ ਅੱਖ ਕਾਸ਼ਨੀ ...........

ਤੀਜਾ ਮੇਰਾ ਕੰਤ ਜਿਵੇਂ
ਰਾਤ ਚਾਨਣੀ ਚ ਦੁੱਧ ਦਾ ਕਟੋਰਾ
ਨੀ ਫਿੱਕੜੇ ਸੰਧੂਰੀ ਰੰਗ ਦਾ
ਉਹਦੇ ਨੈਣਾਂ ਦਾ ਸ਼ਰਾਬੀ ਡੋਰਾ।
ਨੀ ਲਾਮਾਂ ਉੱਤੇ ਪਰਤੇ ਲਈ,
ਨੀ ਮੈਂ ਬੂਰੀਆਂ ਮੱਝਾਂ ਦਾ ਦੁੱਧ ਕਾੜ੍ਹਿਆ।
ਨੀ ਇੱਕ ਮੇਰੀ ਅੱਖ ਕਾਸ਼ਨੀ,
ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ।

## 16.4.2 ਅਰਥ ਤੇ ਵਿਆਖਿਆ

ਇਸ ਗੀਤ ਦੇ ਅਰਥ ਸਮਝਣ ਲਈ ਇਸ ਦੇ ਦੋ ਅੰਗ ਬਣਾਏ ਜਾ ਸਕਦੇ ਹਨ:

ੳ) ਪਹਿਲੇ ਅੰਗ ਵਿੱਚ ਗੀਤ ਦੀ ਪ੍ਰੇਰਕ ਭਾਵਨਾ ਪੇਸ਼ ਹੋਈ ਹੈ। ਕਵਿਤਾ ਵਿੱਚ ਇੱਕ ਔਰਤ ਪਾਤਰ ਹੈ ਜੋ ਦਸਦੀ ਹੈ ਕਿ ਇੱਕ ਮੇਰੀ ਅੱਖ ਕਾਸ਼ਨੀ (=ਹਲਕਾ ਅਸਮਾਨੀ ਰੰਗ, ਨੀਲਾ ਹਲਕਾ) ਹੈ, ਦੂਜੇ ਰਾਤ ਦੇ ਉਨੀਂਦਰੇ (=ਨੀਂਦਰ ਦੀ ਅਣਹੋਂਦ) ਨੇ ਮਾਰਿਆ (=ਤੰਗ ਕਰਨਾ, ਥਕਾਉਣਾ) ਜਦੋਂ ਵਾਲ ਵਾਹੁੰਦੀ (=ਕੰਘੀ ਕਰਦੀ) ਹੋਈ ਤੇ ਸ਼ੀਸ਼ੇ ਵਿੱਚ ਧਿਆਨ ਮਾਰਿਆ (=ਦੇਖਿਆ) ਤਾਂ ਉਸ ਨੂੰ ਤਰੇੜ ਪੈ ਗਈ (=ਸ਼ੀਸ਼ਾ ਟੁੱਟ ਜਾਣਾ ਭਾਵ ਰੂਪ ਦਾ ਝੱਲਿਆ ਨਾ ਜਾਣਾ)

**ਵਿਆਖਿਆ** : ਇਸ ਅੰਗ ਵਿੱਚ ਨਵੀਂ ਵਿਆਹੀ ਵਹੁਟੀ ਦਾ ਸੁੰਦਰ ਰੂਪ ਪੇਸ਼ ਹੋਇਆ ਹੈ। ਗੀਤ ਦੀ ਖੂਬਸੂਰਤੀ ਇਹ ਹੈ ਕਿ ਵਹੁਟੀ ਆਪਣੇ ਬਾਰੇ ਆਪ ਦੱਸ ਰਹੀ ਹੈ ਤੇ ਆਪਣੀਆਂ ਭਾਵਨਾਵਾਂ ਆਪ ਪੇਸ਼ ਕਰ ਰਹੀ ਹੈ, ਇੰਜ ਜਿਵੇਂ ਕੋਈ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵੇ। ਉਹ ਦੱਸਦੀ ਹੈ ਕਿ ਉਸ ਦੀਆਂ ਅੱਖਾਂ ਲਾਲ ਭਾਹ ਮਾਰਨ ਵਾਲੀਆਂ ਹਲਕੇ ਅਸਮਾਨੀ ਰੰਗ ਦੀਆਂ ਹਨ ਤੇ ਰਾਤ ਦੀ ਥੋੜੀ ਨੀਂਦਰ ਕਾਰਨ ਜਾਂ ਜਾਗਦੇ ਰਹਿਣ ਕਾਰਨ ਅੱਖਾਂ ਦਾ ਇਹ ਰੰਗ ਹੋਰ ਗੂੜ੍ਹਾ ਹੋ ਗਿਆ ਹੈ ਤੇ ਜਦੋਂ ਕੰਘੀ ਵਹੁੰਦੀ ਹੋਈ ਸ਼ੀਸ਼ੇ ਵਿੱਚ ਆਪਣਾ ਸੁੰਦਰ ਰੂਪ ਦੇਖਦੀ ਹੈ ਤਾਂ ਸ਼ੀਸ਼ੇ ਵਿੱਚ ਤਰੇੜ ਪੈ ਜਾਂਦੀ ਹੈ, ਭਾਵ ਉਸ ਦੇ ਰੂਪ ਦੀ ਝਾਲ ਸ਼ੀਸ਼ਾ ਵੀ ਨਹੀਂ ਝਲ ਸਕਦਾ।

ਅ) ਦੂਜਾ ਅੰਗ : ਮੇਰਾ ਨਿੱਕੜਾ (=ਛੋਟਾ) ਦਿਉਰ (=ਪਤੀ ਦਾ ਛੋਟਾ ਭਰਾ) ਭੈੜਾ (=ਚੰਦਰਾ) ਹੈ, ਜੋ ਜਾਣ ਕੇ ਘੜੀ ਮੁੜੀ ਮੈਨੂੰ ਬੁਲਾਵੇ (=ਬੁਲਾਉਂਦਾ ਹੈ), ਖੇਤਾਂ ਵਿੱਚੋਂ (=ਉੱਥੇ ਕੰਮ ਕਰਦਾ ਕਰਦਾ) ਝਕਾਨੀ ਮਾਰ ਕੇ (=ਬਹਾਨੇ ਨਾਲ, ਅੱਖ ਬਚਾ ਕੇ) ਲੱਸੀ ਪੀਣ ਦਾ ਬਹਾਨਾ ਮਾਰ ਕੇ ਆ ਜਾਂਦਾ ਹੈ। ਉਸ ਕੋਲੋਂ ਸੰਗਦੀ (=ਸ਼ਰਮਾਉਂਦੀ) ਮੈਂ ਅਜੇ ਤਕ ਘੁੰਡ ਉਤਾਰ ਨਹੀਂ ਸਕੀ।

ਦੂਜੇ ਮੇਰੀ ਸੱਸ ਚੰਦਰੀ (=ਭੈੜੀ) ਹੈ ਜੋ ਰੋਹੀ (=ਉਲਾੜ-ਬੀਆਬਾਨ) ਦੇ ਕਿੱਕਰ (=ਇੱਕ ਕੰਡਿਆਲਾ ਦਰਖਤ) ਤੋਂ ਵੀ ਕਾਲੀ ਹੈ। ਉਹ ਗਲੇ-ਕੱਥੇ (=ਗੱਲ ਬਾਤ ਕਰਦੀ ਹੋਈ) (ਮੇਰੇ) ਵੀਰ ਨੂੰ ਪੁਣੀ (=ਗਾਲ੍ਹਾਂ ਦੇਂਦੀ) ਰਹਿੰਦੀ ਹੈ ਤੇ (ਮੇਰੇ) ਮਾਪਿਆ ਨੂੰ ਨਿੱਤ (= ਰੋਜ਼ਾਨਾ) ਗਾਲ੍ਹਾਂ ਕੱਢਦੀ ਰਹਿੰਦੀ ਹੈ, ਨੀ ਰੱਬ ਜਾਣੇ (=ਪਤਾ ਨਹੀਂ) ਮੈਂ (ਉਸ) ਤੱਤੜੀ (=ਕਰਮਾਂ-ਸੜੀ) ਦਾ ਕਿਹੜਾ ਲਾਚੀਆਂ ਦਾ ਬਾਗ ਉਜਾੜਿਆ ਹੈ (=ਜਿਵੇਂ ਕੋਈ ਵੱਡਾ ਨੁਕਸਾਨ ਕੀਤਾ ਹੁੰਦਾ ਹੈ।)

ਤੀਜੇ ਮੇਰਾ ਕੰਤ (=ਮਾਹੀ, ਪਤੀ) ਇੰਜ ਹੈ ਜਿਵੇਂ ਰਾਤ ਦੀ ਚਾਨਣੀ ਵਿੱਚ ਦੁੱਧ ਦਾ ਕਟੋਰਾ ਹੋਵੇ (=ਭਾਵ ਬਹੁਤ ਖ਼ੂਬਸੂਰਤ ਹੈ) ਉਸ ਦੇ ਨੈਣਾਂ ਵਿੱਚ ਫਿੱਕੜੇ (=ਫਿੱਕੇ, ਹਲਕੇ) ਸੰਧੂਰੀ (=ਸੰਧੂਰ ਵਰਗਾ ਰੰਗ) ਰੰਗ ਦਾ ਸ਼ਰਾਬੀ ਡੋਰਾ (=ਅੱਖ ਵਿਚਲੀ ਲਾਲ ਰੰਗ ਦੀ ਬਰੀਕ ਨਸ ਜਾਂ ਧਾਰ) ਹੈ। ਉਹ ਲਾਮਾਂ ਤੋਂ ਪਰਤਿਆ ਹੈ (=ਲਾਮ=ਜੰਗ ਤੋਂ) ਤੇ ਮੈਂ ਉਸ ਲਈ ਬੂਰੀਆਂ ਮੱਝਾਂ (=ਬੂਰੇ ਰੰਗ ਦੀ ਮੱਝ ਜੋ ਜ਼ਿਆਦਾ ਥਿੰਦੇ ਵਾਲਾ ਤੇ ਬਹੁਤਾ ਦੁੱਧ ਦੇਣ ਵਾਲੀ ਹੁੰਦੀ ਹੈ) ਦਾ ਦੁੱਧ ਕਾੜ੍ਹਿਆ ਹੈ।

**ਵਿਆਖਿਆ** : ਸਾਨੂੰ ਇਹ ਪਤਾ ਲਗਦਾ ਹੈ ਕਿ ਨਵੀਂ ਵਹੁਟੀ ਆਪਣੇ ਛੋਟੇ ਦਿਉਰ ਤੋਂ ਤੰਗ ਹੈ ਕਿਉਂਕਿ ਉਹ ਘੜੀ ਮੁੜੀ ਉਸ ਨੂੰ ਦੇਖਣ ਦੇ ਬਹਾਨੇ ਆ ਜਾਂਦਾ ਹੈ। ਖੇਤਾਂ ਵਿੱਚ ਕੰਮ ਕਰਦਾ ਅੱਖ ਬਚਾ ਕੇ, ਲੱਸੀ ਪੀਣ ਦਾ ਬਹਾਨਾ ਕਰ ਕੇ, ਉਹ ਵਹੁਟੀ ਨੂੰ ਦੇਖਣ ਲਈ ਘਰ ਆ ਵੱਜਦਾ ਹੈ। ਵਹੁਟੀ ਦੀ ਅਜੇ ਤਕ ਸੰਗ ਨਹੀਂ ਲੱਥੀ ਤੇ ਉਹ ਅਜੇ ਵੀ ਉਸ ਕੋਲੋਂ ਘੁੰਡ ਕੱਢਦੀ ਹੈ।

ਵਹੁਟੀ ਆਪਣੀ ਸੱਸ ਨੂੰ ਵੀ ਭੈੜਾ ਦਸਦੀ ਹੈ। ਉਸ ਦੀ ਸੱਸ ਗੱਲ ਬਾਤ ਦੌਰਾਨ ਉਸ ਦੇ ਵੀਰ ਨੂੰ ਜਾਂ ਮਾਪਿਆਂ ਨੂੰ ਰੋਜ਼ ਤਾਹਨੇ ਦੇਂਦੀ ਹੈ ਜਾਂ ਬੁਰਾ-ਭਲਾ ਆਖਦੀ ਰਹਿੰਦੀ ਹੈ। ਉਹ ਸੋਚਦੀ ਹੈ ਪਤਾ ਨਹੀਂ ਮੈਂ ਇਸ ਕੱਬੀ ਔਰਤ ਦਾ ਕੀ ਵਿਗਾੜਿਆ ਹੈ ਕਿ ਉਹ ਉਸ ਨਾਲ ਠੀਕ ਸਲੂਕ ਨਹੀਂ ਕਰਦੀ।

ਤੀਜੇ ਉਹ ਆਪਣੇ ਪਤੀ ਨੂੰ ਬਹੁਤ ਪਿਆਰਾ ਦੇ ਸੁੰਦਰ ਦੱਸਦੀ ਹੈ ਜੋ ਰਾਤ ਦੀ ਚਾਨਣੀ ਵਿੱਚ ਦੁੱਧ ਦੇ ਕਟੋਰੇ ਵਰਗਾ ਚਿੱਟਾ ਦਿੱਸਦਾ ਹੈ। ਪਤੀ ਦੀਆਂ ਅੱਖਾਂ ਵਿੱਚ ਗੁਲਾਬੀ ਰੰਗ ਦੀ ਧਾਰੀ ਹੈ। ਉਹ ਫੌਜ ਤੋਂ ਵਾਪਸ ਆਇਆ ਹੈ ਤੇ ਉਸ ਦੀ ਸੇਵਾ ਵਿੱਚ ਉਸ ਨੇ ਬੂਰੀਆਂ ਬੂਰੀਆਂ ਮੱਝਾਂ ਦਾ ਦੁੱਧ ਕਾੜ੍ਹ-ਕਾੜ੍ਹ ਕੇ ਤਿਆਰ ਕੀਤਾ ਹੋਇਆ ਹੈ।

## 16.4.3 ਵਿਸ਼ਾ ਤੇ ਕਲਾ

ਇਸ ਗੀਤ ਵਿੱਚ ਪੰਜਾਬ ਦੇ ਲੋਕ-ਜੀਵਨ ਦੀ ਇੱਕ ਖ਼ੂਬਸੂਰਤ ਝਾਕੀ ਪੇਸ਼ ਹੋਈ ਹੈ। ਇੱਕ ਛੋਟੀ ਜਿਹੀ ਕਹਾਣੀ ਦੇ ਰੂਪ ਵਿੱਚ ਸਾਨੂੰ ਪਤਾ ਲਗਦਾ ਹੈ ਕਿ ਘਰ ਵਿੱਚ ਇੱਕ ਮੁਟਿਆਰ ਵਿਆਹ ਕੇ ਆਈ ਹੈ ਤੇ ਉਹ ਆਪਣੇ ਜੀਵਨ ਦੇ ਕੁੱਝ ਪੱਖਾਂ ਨੂੰ ਬਿਆਨ ਕਰਦੀ ਹੈ। ਉਹ ਆਪਣੇ ਸੁੰਦਰ ਰੂਪ ਬਾਰੇ ਚੇਤਨ ਹੈ ਤਾਂ ਹੀ ਉਹ ਦੱਸਦੀ ਹੈ ਕਿ ਮੇਰੇ ਰੂਪ ਦੀ ਝਲਕ ਨਾਲ ਸ਼ੀਸ਼ਾ ਤ੍ਰੇੜਿਆ ਜਾਂਦਾ ਹੈ।

ਨਵੀਂ ਵਿਆਹੀ ਹੋਈ ਦਾ ਰੂਪ ਸੁੰਦਰ ਹੈ ਤੇ ਉਹ ਕਈਆਂ ਲਈ ਖਿੱਚ ਦਾ ਕਾਰਨ ਹੈ। ਉਸ ਦਾ ਦਿਉਰ ਤਾਂ ਉਸ ਨੂੰ ਬਾਰ-ਬਾਰ ਦੇਖਣ ਲਈ ਆ ਜਾਂਦਾ ਹੈ। ਪੰਜਾਬੀ ਲੋਕ ਜੀਵਨ ਵਿੱਚ ਦਿਉਰ ਤੇ ਭਰਜਾਈ ਦਾ ਰਿਸ਼ਤਾ ਬੜਾ ਖਿੱਚ-ਭਰਪੂਰ ਹੈ। ਇਸ ਰਿਸ਼ਤੇ ਵਿੱਚ ਸੰਕੋਚ ਘੱਟ ਹੁੰਦਾ ਹੈ। ਦੋਵੇਂ ਇੱਕ ਦੂਜੇ ਨਾਲ ਹਾਸਾ ਠੱਠਾ ਕਰ ਲੈਂਦੇ ਹਨ। ਦਿਉਰ ਦੀ ਭਰਜਾਈ ਨਾਲ ਛੇਤੀ ਹੀ ਸਾਂਝ ਪੈ ਜਾਂਦੀ ਹੈ। ਉਜ ਇਹ ਰੀਤ ਵੀ ਹੈ ਕਿ ਨਵੀਂ ਆਈ ਵਹੁਟੀ ਦਾ ਸਭ ਤੋਂ ਪਹਿਲਾਂ ਘੁੰਡ ਚੁੱਕ ਕੇ ਦਿਉਰ ਨੂੰ ਹੀ ਮੂੰਹ ਦਿਖਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਦਿਓਰ ਭਾਬੀ ਦੀ ਟਿੱਚਰਬਾਜ਼ੀ ਦੇ ਕਈ ਸੰਕੇਤ ਮਿਲਦੇ ਹਨ ਜਿਵੇਂ:

ਮੇਰਾ ਦਿਉਰ ਬੜਾ ਟੁੱਟ ਪੈਣਾ  
ਹੱਸਦੀ ਦੇ ਦੰਦ ਗਿਣਦਾ।

ਇਸੇ ਤਰ੍ਹਾਂ ਪੰਜਾਬੀ ਜੀਵਨ ਵਿੱਚ ਨੂੰਹ-ਸੱਸ ਦਾ ਰਿਸ਼ਤਾ ਖ਼ਾਸਾ ਬਦਨਾਮ ਹੈ। ਸੱਸ ਬਾਰੇ ਆਮ ਤੌਰ ਉੱਤੇ ਇਹੀ ਗੱਲ ਪ੍ਰਚਲਿਤ ਹੈ ਕਿ ਉਹ ਨੂੰਹ ਨਾਲ ਬੁਰਾ ਵਿਹਾਰ ਕਰਦੀ ਹੈ. ਉਸ ਨੂੰ ਪਤੀ ਨਾਲ ਮਿਲਣ ਨਹੀਂ ਦੇਂਦੀ ਤੇ ਨੂੰਹ ਦੇ ਪੇਕਿਆਂ ਨੂੰ ਬੁਰਾ-ਭਲਾ ਆਖਦੀ ਹੈ. ਲੋਕ ਗੀਤਾਂ ਵਿੱਚ ਸੱਸ-ਨੂੰਹ ਦੇ ਝਗੜੇ ਦੇ ਵੀ ਬੜੇ ਸੰਕੇਤ ਮਿਲਦੇ ਹਨ:

ਸੱਸੇ ਤੇਰੀ ਮਹਿੰ ਮਰ ਜਾਏ  
ਮੇਰੇ ਵੀਰ ਨੂੰ ਸੁੱਕਾ ਦੁੱਧ ਪਾਇਆ।

ਭਾਵੇਂ ਸੱਸ ਬੜੀਆਂ ਸੱਧਰਾਂ ਨਾਲ ਨੂੰਹ ਨੂੰ ਵਿਆਹ ਕੇ ਲਿਆਉਂਦੀ ਹੈ ਪਰ ਦੋਹਾਂ ਵਿੱਚ ਛੇਤੀ ਹੀ ਝਗੜਾ ਸ਼ੁਰੂ ਹੋ ਜਾਂਦਾ ਹੈ. ਇਸ ਵਿੱਚ ਸੱਸ ਦਾ ਪੱਲੜਾ ਅਕਸਰ ਭਾਰੀ ਰਹਿੰਦਾ ਹੈ।

ਏਸ ਗੀਤ ਵਿੱਚ ਪੇਸ਼ ਹੋਇਆ ਤੀਜਾ ਰਿਸ਼ਤਾ ਪਤੀ-ਪਤਨੀ ਦਾ ਹੈ, ਜਿੱਥੇ ਵਿਯੋਗ ਵਿੱਚ ਪੀੜ ਹੁੰਦੀ ਹੈ ਅਜੇ ਸੰਜੋਗ ਦੇ ਮੌਕੇ ਸੁਹਾਉਣੇ ਹੁੰਦੇ ਹਨ। ਇਸ ਗੀਤ ਵਿਚਲਾ ਪਤੀ ਵੀ ਫੌਜ਼ ਵਿੱਚ ਭਰਤੀ ਹੋਇਆ ਹੋਇਆ ਹੈ, ਜੋ ਛੁੱਟੀ ਉੱਤੇ ਵਾਪਸ ਆਇਆ ਹੈ ਤੇ ਪਤੀ-ਪਤਨੀ ਦੇ ਮਿਲਾਪ ਦਾ ਸੁੰਦਰ ਮੌਕਾ ਹੈ। ਵਹੁਟੀ ਦਾ ਪਤੀ ਸੁੰਦਰ ਹੈ ਪਰ ਉਹ ਉਸ ਨੂੰ ਹੋਰ ਵੀ ਸੁੰਦਰ ਰੂਪ ਵਿੱਚ ਦੇਖਦੀ ਹੈ।

ਸ਼ਿਵ ਕੁਮਾਰ ਦੇ ਇਸ ਗੀਤ ਵਿੱਚ ਘੜੀਆਂ ਸੁੰਦਰ ਭਾਵਨਾਵਾਂ ਪੇਸ਼ ਹੋਈਆਂ ਹਨ। ਇਸ ਗੀਤ ਵਿੱਚ ਕਵੀ ਨੇ ਕੁੱਝ ਸੂਖਮ ਮਨੋਭਾਵ ਪ੍ਰਗਟਾਏ ਹਨ। ਖਾਸ ਤੌਰ ਉੱਤੇ ਇਸਤਰੀ ਜਾਤੀ ਦੇ ਮਨ ਵਿੱਚ ਉਹ ਬਹੁਤ ਡੂੰਘਾ ਉਤਰ ਜਾਂਦਾ ਹੈ। ਉਹ ਨਾਰੀ ਦੀਆਂ ਸੱਧਰਾਂ, ਭਾਵਨਾਵਾਂ ਤੇ ਦੁੱਖਾਂ ਨੂੰ ਪੇਸ਼ ਕਰਨ ਵਿੱਚ ਬਹੁਤ ਸਫ਼ਲ ਰਿਹਾ ਹੈ। ਉਹ ਖੁਦ ਆਖਦਾ ਹੈ :

> "ਇਹ ਠੀਕ ਹੈ ਕਿ ਮੈਂ ਬਹੁਤੀ ਕਵਿਤਾ ਔਰਤ ਦੇ ਦੁਖਾਂਤਾਂ ਬਾਰੇ ਕਹੀ ਹੈ—ਇਸ ਵਿੱਚ ਦੋਸ਼ ਵਾਲੀ ਕਿਹੜੀ ਗੱਲ ਹੈ ? ਹਰ ਇੱਕ ਨੂੰ ਆਪਣਾ ਲਹੂ ਤੇ ਦਰਦ ਪਿਆਰਾ ਹੁੰਦਾ ਹੈ। ਮੇਰੀ ਆਵਾਜ਼ ਵਿੱਚ ਇਸਤਰੀ ਦੀ ਵੇਦਨਾ ਹੈ. ਇਸ ਲਈ ਹਰ ਇਸਤਰੀ ਨੂੰ ਇਹ ਅਵਾਜ਼ ਉਸ ਦੀ ਆਪਣੀ ਅਨੁਭਵ ਹੋਣੀ ਬੜੀ ਸੁਭਾਵਿਕ ਹੈ, ਕਿਉਂ ਜੋ ਬਿਰਹਾ ਦੀ ਅਮੁਕ ਪੀੜ ਵਿੱਚ ਕਿਸੇ ਤਰ੍ਹਾਂ ਦਾ ਮੁਲੰਮਾ ਨਹੀਂ।"
>
> (ਦਰਦਮੰਦਾਂ ਦੀਆਂ ਆਹੀਂ)

ਇਸ ਗੀਤ ਵਿੱਚ ਉਸ ਨੇ ਪੰਜਾਬੀ ਸਭਿਆਚਾਰ ਦੇ ਰੁਮਾਂਟਿਕ ਰੰਗ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਹ ਲੋਕ-ਜੀਵਨ ਦੇ ਕੁੱਝ ਪੱਖ ਲੈ ਕੇ ਨਾਰੀ ਭਾਵਨਾਵਾਂ ਦਾ ਬੜਾ ਸਫ਼ਲ ਸੰਚਾਰ ਕਰ ਸਕਿਆ ਹੈ।

ਸ਼ਬਦਾਵਲੀ ਦੀ ਵਰਤੋਂ ਦੇ ਮਾਮਲੇ ਵਿੱਚ ਸ਼ਿਵ ਕੁਮਾਰ ਬਹੁਤ ਸਫ਼ਲ ਕਵੀ ਹੈ। ਉਸ ਨੇ ਪੇਂਡੂ ਜੀਵਨ ਤੇ ਲੋਕ-ਜੀਵਨ ਦੇ ਸ਼ਬਦ ਏਨੀ ਸਫ਼ਲਤਾ ਨਾਲ ਵਰਤੇ ਹਨ ਕਿ ਹੋਰ ਕੋਈ ਪੰਜਾਬੀ ਕਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਿਆ। ਜਿਵੇਂ : ਕਾਸ਼ਨੀ, ਉਨੀਂਦਰਾ, ਝਕਾਣੀ, ਚੰਦਰੀ, ਪੁਣਦੀ, ਤੱਤੜੀ, ਲਾਚੀਆਂ ਦਾ ਬਾਗ, ਸ਼ਰਾਬੀ ਡੋਰਾ, ਬੂਰੀ ਮੱਝ ਤੇ ਲਾਮ ਵਾਲੀ ਸ਼ਬਦਾਵਲੀ ਸ਼ਿਵ ਕੁਮਾਰ ਬੜੇ ਸਹਿਜ ਨਾਲ ਵਰਤਦਾ ਹੈ।

ਇਸ ਗੀਤ ਦੀ ਸਭ ਤੋਂ ਵੱਡੀ ਖੂਬੀ ਇਸ ਦੇ ਸਾਦਾ ਸਰਲ ਬਿਆਨ ਵਿੱਚ ਹੈ। ਸਰਲਤਾ ਤੇ ਸਾਦਗੀ ਕਰਕੇ ਹੀ ਸ਼ਿਵ ਨੂੰ ਅਲੰਕਾਰ ਜਾਂ ਪ੍ਰਤੀਕ ਸਿਰਜਣ ਦੀ ਲੋੜ ਨਹੀਂ ਪਈ ਇੱਕ ਥਾਂ ਉੱਤੇ ਉਪਮਾ ਨੂੰ ਬੜਾ ਖ਼ੂਬਸੂਰਤ ਪ੍ਰਭਾਵ ਪਾਉਣ ਲਈ ਵਰਤਿਆ ਗਿਆ ਹੈ, ਜਿਵੇਂ :

ਤੀਜਾ ਮੇਰਾ ਕੰਤ, ਜਿਵੇਂ  
ਰਾਤ ਚਾਨਣੀ 'ਚ ਦੁੱਧ ਦਾ ਕਟੋਰਾ।

ਇਸ ਗੀਤ ਦਾ ਸੁਭਾ ਨਾਟਕੀ ਹੈ ਕਿਉਂਕਿ ਇਸ ਵਿੱਚ ਨਵੀਂ ਵਹੁਟੀ ਇੱਕ ਪਾਤਰ ਦੀ ਸ਼ਕਲ ਵਿੱਚ ਸਾਡੇ ਸਾਹਮਣੇ ਆਉਂਦੀ ਹੈ ਤੇ ਉਹ ਆਪ ਸਾਰਾ ਬਿਆਨ ਸੰਬੋਧਨ ਰੂਪ ਵਿੱਚ ਸੁਝਾਉਂਦੀ ਹੈ। ਇਹ ਗੁਣ ਇਸ ਕਵਿਤਾ ਨੂੰ ਨਾਟਕੀ ਗੀਤ ਬਣਾਉਂਦਾ ਹੈ। ਇਸ ਗੀਤ ਵਿੱਚ ਗਾਏ ਜਾਣ ਦਾ ਗੁਣ ਬੜਾ ਪ੍ਰਭਾਵਸ਼ਾਲੀ ਹੈ। ਗੀਤ ਦੀ ਸਾਰੀ ਰਚਨਾ ਪੂਰੇ ਸੁਰ-ਤਾਲ ਵਿੱਚ ਹੈ ਏਸੇ ਲਈ ਅਸੀਂ ਦੇਖਦੇ ਹਾਂ ਕਿ ਇਹ ਗੀਤ ਵੱਖ-ਵੱਖ ਕਲਾਕਾਰਾਂ ਵੱਲੋਂ ਬਹੁਤ ਗਾਇਆ ਵੀ ਗਿਆ ਹੈ ਅਤੇ ਬਹੁਤ ਪ੍ਰਸਿੱਧ ਤੇ ਹਰਮਨ-ਪਿਆਰਾ ਵੀ ਹੋਇਆ ਹੈ।

**ਤੀਜਾ ਅਭਿਆਸ**

**ਨੋਟ**: ਹੇਠਲੇ ਸਵਾਲਾਂ ਦੇ ਜਵਾਬ ਲਿਖੋ। ਜਵਾਬ ਖ਼ਾਲੀ ਛੱਡੀ ਥਾਂ ਉੱਤੇ ਲਿਖੇ ਜਾਣੇ ਹਨ।

1 ਸ਼ਿਵ ਕੁਮਾਰ ਦੇ ਜੀਵਨ ਦਾ ਸੰਖੇਪ ਵਰਣਨ ਕਰਦੇ ਹੋਏ ਉਸ ਦੀ ਕਵਿਤਾ ਦੀਆਂ ਖ਼ੂਬੀਆਂ ਬਿਆਨ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਹੇਠ ਲਿਖੇ ਸ਼ਬਦਾਂ ਦੇ ਅਰਥ ਉੱਘੜ-ਦੁੱਗੜ ਦਿੱਤੇ ਹੋਏ ਹਨ। ਤੁਸੀਂ ਸ਼ਬਦਾਂ ਨੂੰ ਠੀਕ ਅਰਥਾਂ ਨਾਲ ਜੋੜੋ।

| ਸ਼ਬਦ | ਅਰਥ |
|---|---|
| 1 ਉਨੀਂਦਰਾ | 1 ਪਤੀ |
| 2 ਦਿਉਰ | 2 ਛੋਟਾ ਭਰਾ (ਪਤੀ ਦਾ) |
| 3 ਝਕਾਨੀ ਮਾਰ ਕੇ | 3 ਸ਼ਰਮ |
| 4 ਸੰਗ | 4 ਬਹਾਨੇ ਨਾਲ |
| 5 ਰੋਹੀ | 5 ਉਜਾੜ |
| 6 ਪੁਣਨਾ | 6 ਗਾਲ੍ਹਾਂ ਦੇਣਾ |
| 7 ਕੰਤ | 7 ਨੀਂਦਰ ਦੀ ਅਣਹੋਂਦ |
| 8 ਸੰਧੂਰੀ | 8 ਲਾਲ ਭਾਹ ਮਾਰਦਾ |
| 9 ਕਾੜ੍ਹਿਆ | 9 ਉਬਾਲੇ ਦੇ ਦੇ ਕੇ ਸੰਘਣਾ ਕੀਤਾ ਹੋਇਆ |
| 10 ਡੋਰਾ | 10 ਡੋਰਾ |

3 ਸ਼ਿਵ ਕੁਮਾਰ ਨੇ ਨਾਰੀ ਦੀਆਂ ਭਾਵਨਾਵਾਂ ਬਾਰੇ ਕੀ ਕਿਹਾ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . .

## 16.5 ਤਕਨੀਕੀ ਸ਼ਬਦਾਵਲੀ

**ਉਪਮਾ** : ਇਹ ਇੱਕ ਅਰਥ ਅਲੰਕਾਰ ਹੈ ਜਿੱਥੇ ਉਪਮਾ ਕੀਤੀ ਜਾਣ ਵਾਲੀ ਵਸਤੂ ਤੇ ਜਿਸ ਨਾਲ ਉਸ ਦੀ ਉਪਮਾ ਕੀਤੀ ਜਾ ਰਹੀ ਹੋਵੇ, ਦੋਹਾਂ ਵਿੱਚ ਅੰਤਰ ਹੋਣ ਦੇ ਬਾਵਜੂਦ ਕਿਸੇ ਸਾਂਝੇ ਗੁਣ ਜਾਂ ਧਰਮ ਕਾਰਨ ਸਮਾਨਤਾ ਦਿਖਾਈ ਜਾਂਦੀ ਹੈ। ਜਿਵੇਂ ਰਾਮ ਤੇ ਚੰਨ ਵਿੱਚ ਅੰਤਰ ਹੈ ਪਰ ਉਨ੍ਹਾਂ ਦਾ ਸਾਂਝਾ ਗੁਣ ਹੈ ਸੁੰਦਰਤਾ। 'ਰਾਮ ਚੰਨ ਵਾਂਗੂ ਸੋਹਣਾ ਹੈ' ਵਿੱਚ ਰਾਮ ਦੀ ਉਪਮਾ ਚੰਨ ਨਾਲ ਕੀਤੀ ਗਈ ਹੈ।

**ਅਤਿਕਥਨੀ** : ਇੱਕ ਅਲੰਕਾਰ ਹੈ ਜਿੱਥੇ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਨਾਲ ਜ਼ਿਆਦਾ ਪ੍ਰਭਾਵ ਪਾਉਣ ਦਾ ਜਤਨ ਕੀਤਾ ਜਾਂਦਾ ਹੈ।

**ਅਨੁਪ੍ਰਾਸ** : ਇਸ ਵਿੱਚ ਆਮ ਤੌਰ ਉੱਤੇ ਅੱਖਰਾਂ ਜਾਂ ਸ਼ਬਦਾਂ ਦੀਆਂ ਧੁਨੀਆਂ ਨੂੰ ਬਾਰ-ਬਾਰ ਦੁਹਰਾ ਕੇ ਪ੍ਰਭਾਵ ਪਾਇਆ ਜਾਂਦਾ ਹੈ। ਜਿਵੇਂ 'ਸ' ਦਾ ਦੁਹਰਾਉ :

ਸਤਗੁਰ ਸੱਚਾ ਪਾਤਸ਼ਾਹ ਸਾਧ ਸੰਗਤ ਸਚਖੰਡ ਵਸਾਇਆ।

ਇਸਦੇ ਅਗਾਂਹ ਹੋਰ ਕਈ ਉਪ-ਭੇਦ ਹਨ।

**ਅਲੰਕਾਰ** : ਇਹ ਸ਼ਬਦ-ਰੂਪੀ ਗਹਿਣੇ ਹੁੰਦੇ ਹਨ ਜੋ ਕਵਿਤਾ ਦੀ ਸਜਾਵਟ ਵਿੱਚ ਵਾਧਾ ਕਰਦੇ ਹਨ। ਇਸ ਦੇ ਪ੍ਰਸਿੱਧ ਭੇਦ ਹਨ: ਸ਼ਬਦ-ਅਲੰਕਾਰ, ਅਰਥ-ਅਲੰਕਾਰ ਅਤੇ ਸ਼ਬਦਾਰਥ ਅਲੰਕਾਰ। ਅਗਾਂਹ ਇਨ੍ਹਾਂ ਦੇ ਕਈ ਭੇਦ ਤੇ ਉਪ ਭੇਦ ਹਨ।

**ਆਧੁਨਿਕ** : ਆਮ ਤੌਰ ਉੱਤੇ ਨਵੀਨ ਜਾਂ ਸਮਕਾਲੀਨ ਨੂੰ ਆਧੁਨਿਕ ਕਹਿ ਦਿੱਤਾ ਜਾਂਦਾ ਹੈ। ਪਰ ਆਧੁਨਿਕ ਦਾ ਸੰਬੰਧ ਕੁੱਝ ਵਿਸ਼ੇਸ਼ ਰੁਚੀਆਂ ਨਾਲ ਹੈ ਜਿਨ੍ਹਾਂ ਵਿੱਚ ਵਿਗਿਆਨ ਦਲੀਲ, ਮਸ਼ੀਨੀ ਸਭਿਅਤਾ, ਉਦਯੋਗ ਤੇ ਪਰੰਪਰਾ ਤੋਂ ਮੁਕਤੀ ਆਦਿ ਸ਼ਾਮਿਲ ਹਨ।

**ਸੱਦ** : ਸੱਦ ਦਾ ਅਰਥ ਹੈ : ਉੱਚੀ ਆਵਾਜ਼ ਦੇਣੀ। ਇਹ ਪੰਜਾਬੀ ਦਾ ਲੋਕ-ਕਾਵਿ ਰੂਪ ਹੈ ਜਿੱਥੇ ਲੰਮੀ ਹੇਕ ਲਾ ਕੇ ਕਿਸੇ ਨੂੰ ਸੰਬੋਧਿਤ ਕਰ ਕੇ ਗੀਤ ਗਾਇਆ ਜਾਂਦਾ ਹੈ। ਪੰਜਾਬੀ ਦੇ ਪ੍ਰਸਿੱਧ ਕਿੱਸਾ ਕਵੀ ਪੀਲੂ ਨੇ ('ਮਿਰਜ਼ਾ ਸਾਹਿਬਾਂ' ਦਾ ਕਿੱਸਾ 'ਸੱਦ' ਰੂਪ ਵਿੱਚ ਲਿਖਿਆ ਸੀ।

**ਸਭਿਆਚਾਰ** : ਇਸ ਦਾ ਅਰਥ ਹੈ ਨੇਕ ਵਰਤਾਰਾ, ਸ਼ੁਭ ਜੀਵਨ ਜਾਚ। ਸਭਿਆਚਾਰ ਵਿੱਚ ਕਿਸੇ ਦੇਸ਼ ਜਾਂ ਕੌਮ ਦਾ ਸਮੁੱਚਾ ਜੀਵਨ-ਢੰਗ ਆ ਜਾਂਦਾ ਹੈ, ਜਿਸ ਵਿੱਚ ਉਸ ਦੀ ਆਤਮਕ ਝਲਕ ਆਉਂਦੀ ਹੈ। ਇਸ ਵਿੱਚ ਸਮਾਜ ਦੀਆਂ ਰਸਮਾਂ-ਰੀਤਾਂ, ਵਿਸ਼ਵਾਸ, ਰੁਚੀਆਂ, ਸੰਸਕਾਰ, ਪਹਿਰਾਵਾ, ਕਲਾ ਤੇ ਧੰਦੇ, ਆਦਿ ਆ ਜਾਂਦੇ ਹਨ।

**ਸਮਾਜਵਾਦੀ ਵਿਚਾਰਧਾਰਾ** : ਇਸ ਵਿਚਾਰਧਾਰਾ ਦੇ ਆਧਾਰ ਪ੍ਰਸਿੱਧ ਜਰਮਨ ਵਿਦਵਾਨ ਕਾਰਲ ਮਾਰਕਸ (1818-1883 ਈ:) ਅਤੇ ਐਂਗਲਜ਼ (1820-1895 ਈ:) ਦੇ ਵਿਚਾਰ ਹਨ ਕਿ ਸਮਾਜ ਦੇ ਪੁਰਾਣੇ ਢਾਂਚੇ ਨੂੰ ਜੋ ਜਰਜਰਾ ਹੋ ਚੁੱਕਾ ਹੈ, ਬਦਲ ਕੇ, ਨਵੇਂ ਸੁਖਾਵੇਂ ਸਮਾਜ ਦੀ ਸਥਾਪਨਾ ਕੀਤੀ ਜਾਏ ਅਤੇ ਸਮਾਜਿਕ ਯਥਾਰਥ ਤੋਂ ਟੁੱਟਿਆ ਨਾ ਜਾਵੇ।

ਇਹ ਇੱਕ ਆਰਥਕ ਸਿੱਧਾਂਤ ਹੈ, ਜਿਸ ਨੇ ਧਰਮ, ਸਦਾਚਾਰ, ਕਲਾ ਆਦਿ ਨੂੰ ਸਮਾਜ ਦੇ ਆਰਥਿਕ ਪ੍ਰਬੰਧ ਦੀ ਉਪਜ ਦੱਸਿਆ ਹੈ। ਅਰਥ-ਵਿਵਸਥਾ ਇਨ੍ਹਾਂ ਸਾਰਿਆਂ ਉਸਾਰਾਂ ਦੀ ਨੀਂਹ ਹੈ।

**ਸਰੋਦੀ ਤੱਤ** : ਰਾਗ, ਸੰਗੀਤ, ਗਾਉਣ ਆਦਿ ਨਾਲ ਸੰਬੰਧਿਤ ਗੁਣਾਂ ਵਾਲੇ ਪੱਖ ਜਾਂ ਤੱਤ। ਇਸ ਨਾਲ ਕਵਿਤਾ ਵਿੱਚ ਸੰਗੀਤਕ ਗੁਣ ਆ ਜਾਂਦੇ ਹਨ।

**ਨਸਲੀ ਵਿਤਕਰਾ** : ਜਾਤ-ਪਾਤ ਦੇ ਆਧਾਰ ਉੱਤੇ ਕੀਤਾ ਭੇਦ ਕਿ ਜਨਮ ਕਰਕੇ ਕੋਈ ਉੱਚੀ ਜ਼ਾਤ ਵਾਲਾ ਹੈ ਤੇ ਕੋਈ ਨੀਵੀਂ ਜਾਤ ਵਾਲਾ।

**ਨਾਟਕੀ ਗੀਤ** ; ਇਹ ਗੀਤ (ਕਵਿਤਾ) ਦਾ ਇੱਕ ਰੂਪ ਹੈ ਜਿਸ ਵਿੱਚ ਕੋਈ ਪਾਤਰ ਮੰਚ ਉੱਤੇ ਆ ਕੇ ਸੰਬੋਧਨ ਰੂਪ ਵਿੱਚ ਆਪਣੀਆਂ ਭਾਵਨਾਵਾਂ ਦਾ ਵਰਨਣ ਕਰਦਾ ਹੈ। ਇਹ ਠੀਕ ਹੈ ਕਿ ਕਵਿਤਾ ਵਿੱਚ ਮੌਜੂਦ ਪਾਤਰ ਦੇ ਮਗਰ ਕਵੀ ਹੀ, ਆਪਣੀਆਂ ਭਾਵਨਾਵਾਂ ਨੂੰ ਪੇਸ਼ ਕਰ ਰਿਹਾ ਹੁੰਦਾ ਹੈ। ਪਰ ਪਾਤਰ ਤੇ ਆਉਣ ਨਾਲ ਉਸ ਦੀ ਅਵਾਜ਼ ਅਤੇ ਸੰਬੋਧਨ ਦੇ ਅਧਾਰ ਉੱਤੇ ਰਚਨਾ ਦਾ ਸੁਭਾ ਨਾਟਕੀ ਬਣ ਜਾਂਦਾ ਹੈ।

**ਪ੍ਰਗਤੀਵਾਦੀ** : ਪ੍ਰਗਤੀਵਾਦ ਦਾ ਅਨੁਆਈ। ਪ੍ਰਗਤੀਵਾਦ ਇੱਕ ਅੰਦੋਲਨ ਸੀ, ਜਿਸ ਨੇ ਸਾਹਿੱਤ ਨੂੰ ਸਮਾਜ ਵਿੱਚ ਇਨਕਲਾਬ ਜਾਂ ਪਰਿਵਰਤਨ ਲਿਆਉਣ ਲਈ ਇੱਕ ਮਾਧਿਅਮ ਬਣਾਇਆ ਤੇ ਵਰਗ-ਰਹਿਤ ਸਮਾਜ ਲਈ ਕ੍ਰਾਂਤੀ ਵਾਸਤੇ ਪ੍ਰੇਰਨਾ ਦਿੱਤੀ। ਇਸ ਦਾ ਮੁੱਖ ਉਦੇਸ਼ ਸਮਾਜ ਦਾ ਕਲਿਆਣ ਤੇ ਤਰੱਕੀ ਸੀ। ਇਹ ਲਹਿਰ ਇਸ ਸਦੀ ਦੇ ਚੌਥੇ ਦਹਾਕੇ ਵਿੱਚ ਲੱਗਪੱਗ ਸਾਰੀ ਦੁਨੀਆਂ ਅੰਦਰ ਪ੍ਰਚਲਿਤ ਹੋਈ ਸੀ।

**ਪ੍ਰਤੀਕ** : ਪ੍ਰਤੀਕ ਵਿੱਚ ਇੱਕ ਵਸਤੂ ਨੂੰ (ਸਾਹਮਣੇ ਹੁੰਦੀ ਹੈ) ਕਿਸੇ ਦੂਜੀ ਵਸਤੂ ਲਈ ( ਜੋ ਸਾਹਮਣੇ ਨਹੀਂ ਹੁੰਦੀ) ਸਮਾਨਤਾ ਦੇ ਆਧਾਰ ਉੱਤੇ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਫੁੱਲ-ਕੰਢੇ ਨੂੰ ਦੁੱਖ-ਸੁੱਖ ਲਈ ਪ੍ਰਤੀਕ ਰੂਪ ਵਿੱਚ ਵਰਤਣਾ। ਇਸ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਗੱਲ ਜ਼ਿਆਦਾ ਸਪਸ਼ਟ ਵੀ ਬਣ ਜਾਂਦੀ ਹੈ ਤੇ ਉਸ ਵਿੱਚ ਲੋੜੀਂਦਾ ਉਹਲਾ ਵੀ ਬਣਿਆ ਰਹਿੰਦਾ ਹੈ।

**ਬਿੰਬ** : ਬਿੰਬ ਦਾ ਅਰਥ ਹੈ ਅਕਸ, ਪਰਛਾਵਾਂ। ਕਵੀ ਜਾਂ ਸਾਹਿੱਤਕਾਰ ਸ਼ਬਦਾਂ ਦੀ ਕਲਾਤਮਕ ਵਰਤੋਂ ਰਾਹੀਂ ਜੋ ਚਿੱਤਰ ਸਿਰਜਦਾ ਹੈ, ਉਹ ਬਿੰਬ ਹੈ। ਬਿੰਬ ਕਲਪਨਾ ਸ਼ਕਤੀ ਰਾਹੀਂ ਉਪਜਾਇਆ ਜਾਂਦਾ ਹੈ ਤੇ ਇਸ ਦੀ ਵਰਤੋਂ ਨਾਲ ਸਾਹਿੱਤਕਾਰ ਆਪਣੇ ਬੌਧਿਕ ਤੇ ਭਾਵੁਕ ਅਰਥਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਚਿੱਤਰਮਈ ਰੂਪ ਵਿੱਚ ਪੇਸ਼ ਕਰਦਾ ਹੈ। ਜਿਵੇਂ ਇੱਕ ਖ਼ੂਬਸੂਰਤ ਬਿੰਬ (ਚਿੱਤਰ) ਹੈ :

ਗਗਨਿ ਮੈ ਥਾਲੁ ਰਵਿ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।

**ਬੈਂਤ** : ਇਹ ਇੱਕ ਦੋ ਤੁਕਾ ਛੰਦ ਹੈ, ਜਿਸਦਾ ਤੁਕਾਂਤ ਮੇਲ ਖਾਂਦਾ ਹੈ। ਇਸ ਦੇ ਕਈ ਰੂਪ ਹਨ। ਅਮ੍ਰਿਤਾ ਪ੍ਰੀਤਮ ਨੇ 26/27 ਮਾਤ੍ਰਾ ਵਾਲਾ ਬੈਂਤ ਛੰਦ ਵਰਤਿਆ ਹੈ, ਇਸ ਵਿੱਚ 14, 12 ਜਾਂ 15, 12 ਤੇ ਵਿਸ਼ਰਾਮ ਹੈ। ਵਾਰਿਸ ਸ਼ਾਹ ਨੇ ਹੀਰ ਦੇ ਕਿੱਸੇ ਵਿੱਚ 40, 41 ਤੇ 42 ਮਾਤ੍ਰਾ ਵਾਲੇ ਬੈਂਤ ਛੰਦ ਦੀ ਵਰਤੋਂ ਕੀਤੀ ਸੀ।

**ਭਾਵ/ਮਨੋਭਾਵ** : ਇਸ ਦਾ ਸੰਬੰਧ ਮਨ ਦੀ ਅਵਸਥਾ ਨਾਲ ਹੈ। ਇਸ ਵਿੱਚ ਅੰਦਰ ਦੀ ਦਸ਼ਾ ਦਾ ਚਿਤ੍ਰਣ ਆਉਂਦਾ ਹੈ ਤੇ ਕਈ ਤਰ੍ਹਾਂ ਦੇ ਭਾਵ ਜੋ ਮਨ ਵਿੱਚ ਬੈਠੇ ਹੁੰਦੇ ਹਨ, ਉਨ੍ਹਾਂ ਦਾ ਵਰਨਣ ਹੁੰਦਾ ਹੈ। ਇਹ ਚਿੱਤ ਦੀ ਅਵਸਥਾ ਦਾ ਹੀ ਇੱਕ ਨਾਂ ਹੈ।

**ਰਵਾਇਤੀ** : ਲਿਖਣ ਦਾ ਪੁਰਾਣਾ ਤੇ ਪਰੰਪਰਾ ਵਾਲਾ ਢੰਗ।

**ਰੂਪਕ** : ਇਹ ਇੱਕ ਅਲੰਕਾਰ ਹੈ ਜਿੱਥੋਂ ਦੋਹਾਂ ਵਸਤੂਆਂ, ਭਾਵ ਉਪਮਾ ਕੀਤੀ ਜਾਣ ਵਾਲੀ ਤੇ ਉਪਮਾ ਕੀਤੀ ਗਈ ਨੂੰ, ਇੱਕ ਰੂਪ ਦੱਸਿਆ ਜਾਂਦਾ ਹੈ, ਜਿਵੇਂ ਰਾਮ ਚੰਨ ਹੈ। ਗੋਪਾਲ ਸ਼ੇਰ ਹੈ। (ਏਥੇ ਰਾਮ ਤੇ ਚੰਨ ਅਤੇ ਗੁਪਾਲ ਤੇ ਸ਼ੇਰ ਨੂੰ ਇੱਕ ਰੂਪ ਦੱਸਿਆ ਗਿਆ ਹੈ) ਇਸ ਦੇ ਅਗਾਂਹ ਕੁੱਝ ਹੋਰ ਭੇਦ ਵੀ ਹਨ।

**ਲੋਕ ਜੀਵਨ** : ਲੋਕਾਂ ਦਾ ਉਹ ਸਧਾਰਨ-ਜੀਵਨ ਜਿਸ ਵਿੱਚ ਉਸ ਦੇ ਸੰਸਕਾਰ, ਰਹਿਣੀ-ਬਹਿਣੀ, ਵਹਿਮ-ਭਰਮ, ਨਾਚ-ਸੰਗੀਤ, ਮੇਲੇ-ਤਿਉਹਾਰ, ਕਲਾ ਤੇ ਸਾਹਿੱਤ, ਭਾਵ ਸੰਪੂਰਨ ਜੀਵਨ-ਜਾਚ ਆ ਜਾਂਦੀ ਹੈ। ਇਹ ਉਹ ਸਧਾਰਨ ਜੀਵਨ-ਜਾਚ ਹੈ ਜੋ, ਸੱਭਿਅ ਪੱਖਾਂ ਤੋਂ ਦੂਰ, ਆਪਣੇ ਕੁਦਰਤੀ ਸੁਭਾਵਿਕ ਤੇ ਸਰਲ ਰੂਪ ਵਿੱਚ ਦਿਖਾਈ ਦੇਂਦਾ ਹੈ, ਏਸੇ ਲਈ ਇਹ ਵਿਕਸਿਤ ਜਾਂ ਲਿਪਿਆ-ਪੋਚਿਆ ਰੂਪ ਨਹੀਂ ਹੁੰਦਾ।

ਲੋਕ-ਜੀਵਨ ਕਿਸੇ ਵੀ ਜਾਤੀ ਦੀ ਪਿੱਠ-ਭੂਮੀ ਤੇ ਮੂਲ ਪ੍ਰੇਰਕ ਸੋਮਾ ਹੁੰਦਾ ਹੈ। ਇਹ ਜਾਤੀ ਅਤੇ ਸਮਾਜ ਦੇ ਸਾਰੇ ਜੀਵਨ ਨੂੰ ਚਲਾਉਂਦਾ ਹੈ। ਵਿਗਿਆਨਕ ਆਧਾਰ ਉੱਤੇ ਇਸ ਵਿੱਚ ਕਈ ਕੁੱਝ ਨਿਰਮੂਲ ਜਾਂ ਅਸਭਿਅ ਸਮਝਿਆ ਜਾਂਦਾ ਹੈ।

**ਲੋਕ-ਵਿਰਸਾ** : ਵਿਰਸੇ ਦਾ ਅਰਥ ਹੈ ਵੱਡੇ-ਵਡੇਰਿਆਂ ਦੀ ਦੇਣ। ਸਾਨੂੰ ਲੋਕ-ਜੀਵਨ ਦਾ ਜੋ ਰੂਪ ਸੰਸਕਾਰਾਂ ਜਾਂ ਪਰੰਪਰਾ ਦੇ ਰੂਪ ਵਿੱਚ ਮਿਲਦਾ ਹੈ ਉਹ ਲੋਕ-ਵਿਰਸਾ ਹੈ। ਲੋਕ-ਜੀਵਨ ਨਾਲ ਸੰਬੰਧਿਤ ਸਾਮਗ੍ਰੀ ਨੂੰ ਹੀ ਲੋਕ-ਵਿਰਸਾ ਕਿਹਾ ਜਾਂਦਾ ਹੈ। ਇਹ ਸਦੀਆਂ ਦੇ ਮਨੁੱਖੀ ਅਨੁਭਵਾਂ ਦਾ ਖਜ਼ਾਨਾ ਹੁੰਦਾ ਹੈ।

**ਵਿਅੰਗ** : ਇਹ ਇੱਕ ਸਾਹਿੱਤਿਕ ਢੰਗ ਹੈ ਜਿਸ ਦੁਆਰਾ ਕਮਜ਼ੋਰੀਆਂ ਜਾਂ ਬੁਰਾਈਆਂ ਦੀ ਗੁੱਝੀ ਆਲੋਚਨਾ ਕੀਤੀ ਜਾਂਦੀ ਹੈ। ਇਸ ਦਾ ਮੁੱਖ-ਉੱਦੇਸ਼, ਸੁਧਾਰ ਕਰਨਾ ਹੁੰਦਾ ਹੈ। ਲੇਖਕ ਬੜੇ ਕਲਾਤਮਕ ਢੰਗ ਨਾਲ ਸਮਾਜਿਕ ਭੈੜਾਂ ਤੇ ਮਨੁੱਖੀ ਬੁਰਾਈਆਂ ਉੱਪਰ ਗੁੱਝੀ ਸੱਟ ਮਾਰਦਾ ਹੈ।

**ਵਿਅੰਜਨਾ** : ਇਸ ਨੂੰ ਇੱਕ ਸ਼ਬਦ-ਸ਼ਕਤੀ ਮੰਨਿਆ ਜਾਂਦਾ ਹੈ, ਜੋ ਕਿਸੇ ਸ਼ਬਦ-ਰਚਨਾ ਦੇ ਗੁੱਝੇ ਜਾਂ ਗੂੜ੍ਹੇ ਅਰਥਾਂ ਦਾ ਪਤਾ ਦੇਂਦੀ ਹੈ। ਵਿਅੰਜਨਾ ਦੀ ਸਹਾਇਤਾ ਨਾਲ ਕਿਸੇ ਰਚਨਾ ਦੇ ਪ੍ਰਭਾਵਸ਼ਾਲੀ ਤੇ ਵਿਅੰਜਕ (Suggested) ਅਰਥ ਸਾਹਮਣੇ ਆਉਂਦੇ ਹਨ।

## 16.6 ਸਹਾਇਕ ਪੁਸਤਕਾਂ


1 **ਸਾਹਿੱਤ ਸਮਾਚਾਰ**, 'ਅਮ੍ਰਿਤਾ ਪ੍ਰੀਤਮ ਵਿਸ਼ੇਸ਼ ਅੰਕ' ਲਾਹੌਰ ਬੁਕ ਸ਼ਾਪ ਲੁਧਿਆਣਾ, 1970
2 ਸ਼ਿਵ ਕੁਮਾਰ ਬਟਾਲਵੀ **ਸਾਗਰ ਤੇ ਕਣੀਆਂ**, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅਮ੍ਰਿਤਸਰ, 1982
3 **ਪੰਜਾਬੀ ਦੁਨੀਆ**, ਸ਼ਿਵ ਕੁਮਾਰ ਬਟਾਲਵੀ ਵਿਸ਼ੇਸ਼ ਅੰਕ, ਜਨਵਰੀ-ਫਰਵਰੀ, 1983, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
4 ਪ੍ਰੇਮ ਪ੍ਰਕਾਸ਼ ਸਿੰਘ, **ਮੋਹਨ ਸਿੰਘ ਦਾ ਕਾਵਿ ਲੋਕ**, ਲਾਹੌਰ ਬੁਕ ਸ਼ਾਪ, ਲੁਧਿਆਣਾ


## 16.7 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਪ੍ਰੋ: ਮੋਹਨ ਸਿੰਘ ਆਧੁਨਿਕ ਪੰਜਾਬੀ ਦਾ ਇੱਕ ਵੱਡਾ ਕਵੀ ਹੋਇਆ ਹੈ। ਇਸ ਕਵੀ ਦਾ ਜਨਮ 1905 ਵਿੱਚ ਜ਼ਿਲਾ ਰਾਵਲਪਿੰਡੀ ਦੇ ਇੱਕ ਪਿੰਡ ਧਮਿਆਲ ਵਿੱਚ ਹੋਇਆ। ਖ਼ਾਲਸਾ ਕਾਲਜ, ਅਮ੍ਰਿਤਸਰ ਵਿੱਚ ਕੁੱਝ ਸਾਲ ਫਾਰਸੀ ਪੜ੍ਹਾਈ। ਫੇਰ ਲਾਹੌਰ ਜਾ ਕੇ ਪ੍ਰੋਫ਼ੈਸਰੀ ਵੀ ਕੀਤੀ ਤੇ ਪੰਜ ਦਰਿਆ ਰਿਸਾਲਾ ਵੀ ਕੱਢਿਆ। ਮੋਹਨ ਸਿੰਘ ਨੇ ਪੰਜਾਬੀ ਕਵਿਤਾ ਦੀਆਂ ਕਈ ਰਚਨਾਵਾਂ ਰਚੀਆਂ। 'ਵੱਡਾ ਵੇਲਾ' ਨੂੰ ਸਾਹਿੱਤ ਅਕਾਡਮੀ, ਦਿੱਲੀ ਦਾ ਇਨਾਮ ਮਿਲਿਆ ਤੇ 'ਜੈਮੀਰ' ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ।

ਪ੍ਰੋ: ਮੋਹਨ ਸਿੰਘ ਸਮਾਜ ਦੇ ਕੋਝ ਦੀ ਆਲੋਚਨਾ ਕਰਦਾ ਹੈ, ਦੇਸ਼ ਪਿਆਰ ਤੇ ਅਜ਼ਾਦੀ ਦੇ ਗੀਤ ਗਾਉਂਦਾ ਹੈ ਤੇ

ਸਾਂਝੀਵਾਲਤਾ ਦਾ ਪੁਜਾਰੀ ਸੀ। ਉਹ ਇੱਕ ਅਗਾਂਹ-ਵਧੂ ਕਵੀ ਸੀ। ਭਾਵੇਂ ਉਸ ਦੇ ਨਿਜੀ ਪਿਆਰ ਦੇ ਰੋਮਾਂਟਿਕ ਗੀਤ ਵੀ ਬੜੇ ਹਰਮਨ ਪਿਆਰੇ ਹੋਏ।

2 ਆਓ ਨੱਚੀਏ ਨਾਂ ਦੀ ਕਵਿਤਾ ਦਾ ਮੂਲ ਵਿਸ਼ਾ ਦੇਸ਼ ਦੀ ਫੁੱਟ ਨੂੰ ਹਟਾ ਕੇ ਏਕਾ ਵਰਤਾਉਣਾ ਹੈ। ਇਸ ਕਵਿਤਾ ਵਿੱਚ ਜ਼ਾਤ-ਪਾਤ ਨੂੰ ਫੁੱਟ ਦਾ ਇੱਕ ਕਾਰਨ ਮੰਨ ਕੇ ਇਸ ਪ੍ਰਬੰਧ ਦੇ ਖਾਤਮੇ ਦੀ ਲੋਚਾ ਕੀਤੀ ਦਿੱਸਦੀ ਹੈ। ਇਸੇ ਤਰ੍ਹਾਂ ਵੱਖ-ਵੱਖ ਧਰਮ ਵੀ ਸਮਾਜਿਕ ਸੰਗਠਨ ਨੂੰ ਭੰਗ ਕਰਨ ਵਿੱਚ ਸਹਾਇਤਾ ਦੇਂਦੇ ਹਨ। ਇਸ ਲਈ ਕਵੀ ਇਨ੍ਹਾਂ ਧਰਮਾਂ ਨੂੰ ਵੀ ਸਾਰੇ ਵਿਤਕਰੇ ਤੋੜ ਕੇ ਇੱਕ ਹੁੰਦਾ ਵਿਖਾਉਂਦਾ ਹੈ। ਗੱਲ ਕੀ ਕਵੀ ਸਮਾਜ ਦੀ ਉਸ ਬਰਾਬਰੀ ਦਾ ਸੁਫ਼ਨਾ ਪੇਸ਼ ਕਰਦਾ ਹੈ ਜਿਸ ਵਿੱਚ ਜਾਤ-ਪਾਤ ਧਰਮ ਨਸਲ. ਰੰਗ ਲਿੰਗ ਜਾਂ ਪੈਸੇ ਦਾ ਵਿਤਕਰਾ ਇੱਕ ਬੰਦੇ ਨੂੰ ਦੂਜੇ ਤੋਂ ਨਿਖੇੜ ਨਹੀਂ ਸਕੇਗਾ।

3 'ਦੇਸ਼-ਪਿਆਰ' ਇਹ ਕਵਿਤਾ ਓਦੋਂ ਰਚੀ ਗਈ ਜਦੋਂ ਅਜੇ ਭਾਰਤ ਗੁਲਾਮ ਸੀ ਤੇ ਲੋਕਾਂ ਵਿੱਚ ਪੂਰਾ ਏਕਾ ਨਹੀਂ ਸੀ ਹੁੰਦਾ। ਕਵੀ ਦੇ ਮਨ ਵਿੱਚ ਆਜ਼ਾਦੀ ਦੀ ਇੱਛਾ ਬੜੀ ਬਲਵਾਨ ਸੀ। ਉਸ ਨੇ ਇਸ ਦੀ ਪ੍ਰਾਪਤੀ ਦਾ ਹੱਲ ਇਹੀ ਸੋਚਿਆ ਕਿ ਲੋਕੀ ਇੱਕ ਮੁੱਠ ਹੋ ਜਾਣ। ਏਕੇ ਤੇ ਅਜ਼ਾਦੀ ਦੀ ਇੱਛਾ ਕਿਉਂ ਪੈਦਾ ਹੋਈ ? ਦੇਸ਼-ਪਿਆਰ ਕਰਕੇ।

'ਸ਼ਬਦਕਲਾ ਤੇ ਸੰਗੀਤਕ ਤੱਤ' ਪ੍ਰੋ: ਮੋਹਨ ਸਿੰਘ ਨੂੰ ਸ਼ਬਦਾਂ ਦੀ ਬੜੀ ਸੋਝੀ ਸੀ। ਇਸ ਕਵਿਤਾ ਵਿੱਚ ਸਾਂਝੇ ਨਾਚ ਦਾ ਸੱਦਾ ਹੈ. ਇਸ ਲਈ ਜ਼ਰੂਰੀ ਸੀ ਕਿ ਇਸ ਦੀ ਚਾਲ ਤਿੱਖੀ ਤੇ ਸ਼ਬਦਾਂ ਦੀ ਗੂੰਜ ਸੰਗੀਤਕ ਹੋਵੇ। ਧੁਨੀਆਂ ਦੇ ਦੁਹਰਾਉ ਨੇ ਇਹ ਰੰਗ ਬੜਾ ਸੁਹਣਾ ਬੰਨ੍ਹਿਆ ਹੈ। ਸ਼ਬਦਾਂ ਨੂੰ ਤੋੜ-ਭੰਨ ਕੇ ਵੀ ਇਹ ਤਿੱਖਾ ਸੰਗੀਤ ਕਾਇਮ ਰੱਖਿਆ ਗਿਆ ਹੈ।

ਦੂਜਾ ਅਭਿਆਸ

1 ਅਮ੍ਰਿਤਾ ਪ੍ਰੀਤਮ ਦਾ ਜਨਮ ਸਰਦਾਰ ਕਰਤਾਰ ਸਿੰਘ ਹਿਤਕਾਰੀ ਦੇ ਘਰ 1919 ਵਿੱਚ ਗੁਜਰਾਂਵਾਲੇ ਸ਼ਹਿਰ ਵਿੱਚ ਹੋਇਆ। ਆਲ ਇੰਡੀਆ ਰੇਡਿਓ ਵਿੱਚ ਕਈ ਵਰ੍ਹੇ ਕੰਮ ਕਰਨ ਪਿੱਛੋਂ ਹੁਣ ਉਹ 'ਨਾਗਮਣੀ' ਦਾ ਸੰਪਾਦਨ ਕਰ ਰਹੀ ਹੈ ਤੇ ਸਾਹਿੱਤ-ਰਚਨਾ ਵਿੱਚ ਲੱਗੀ ਹੋਈ ਹੈ। ਉਸ ਦੀ ਇੱਕ ਕਾਵਿ-ਪੁਸਤਕ 'ਸੁਨੇਹੜੇ' ਨੂੰ ਭਾਰਤੀ ਸਾਹਿੱਤਕ ਅਕਾਡਮੀ ਨਵੀਂ ਦਿੱਲੀ ਵੱਲੋਂ ਇਨਾਮ ਮਿਲ ਚੁੱਕਾ ਹੈ। ਇੱਕ ਹੋਰ ਰਚਨਾ 'ਕਾਗਜ਼ ਤੇ ਕੈਨਵੈਸ' ਉੱਤੇ ਗਿਆਨ ਪੀਠ ਦਾ ਇਨਾਮ ਮਿਲ ਚੁੱਕਾ ਹੈ।

ਅਮ੍ਰਿਤਾ ਪ੍ਰੀਤਮ ਦੀ ਕਵਿਤਾ ਵਿੱਚ ਰੋਮਾਂਸ ਹੈ ਲੋਕਾਂ ਨਾਲ ਹਮਦਰਦੀ ਪ੍ਰਗਟਾਈ ਹੋਈ ਹੈ ਤੇ ਇਸਤਰੀ ਜਾਤੀ ਦੀ ਦੁਰਦਸ਼ਾ ਦਾ ਬਿਆਨ ਹੈ। ਉਸ ਨੇ ਪੰਜਾਬ ਦੀ ਵੰਡ ਦੇ ਦੁਖਾਂਤ ਉੱਤੇ ਬੜੇ ਦਰਦ-ਭਰੇ ਕੀਰਨੇ ਪਾਏ ਹਨ।

2 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਵਿੱਚ ਅਮ੍ਰਿਤਾ ਪ੍ਰੀਤਮ 'ਹੀਰ' ਦਾ ਕਿੱਸਾ ਲਿਖਣ ਵਾਲੇ ਪ੍ਰਸਿੱਧ ਕਵੀ ਵਾਰਿਸ ਸ਼ਾਹ ਨੂੰ ਸੰਬੋਧਨ ਕਰਕੇ ਦੱਸਦੀ ਹੈ ਕਿ ਤੂੰ ਇਕੱਲੀ ਹੀਰ ਦੇ ਦੁਖੜੇ ਬਿਆਨ ਕਰਨ ਲਈ ਏਨਾ ਵੱਡਾ ਕਿੱਸਾ ਰਚ ਦਿੱਤਾ. ਪਰ ਪੰਜਾਬ ਦੀ ਵੰਡ ਵਿੱਚ ਤਾਂ ਲੱਖਾਂ ਪ੍ਰਾਣੀ ਲਹੂ ਦੀ ਨਦੀ ਵਿੱਚ ਡੁੱਬ ਚੁੱਕੇ ਹਨ. ਇਨ੍ਹਾਂ ਵਿਚਾਰਿਆਂ ਉੱਤੇ ਚਾਰ ਹੰਝੂ ਵਹਾਉਣ ਵਾਲਾ ਵਾਰਿਸ ਸ਼ਾਹ ਕਿੱਥੋਂ ਲਿਆਈਏ ?

ਤੀਜਾ ਅਭਿਆਸ

1 ਸ਼ਿਵ ਕੁਮਾਰ ਦਾ ਜਨਮ 1937 ਵਿੱਚ ਤੇ ਮੌਤ 1978 ਵਿੱਚ ਹੋਈ। ਉਹ ਪਹਿਲਾਂ ਪਟਵਾਰੀ ਦਾ ਕੰਮ ਕਰਦਾ ਰਿਹਾ ਫੇਰ ਬੈਂਕ ਵਿੱਚ ਨੌਕਰੀ ਮਿਲੀ. ਪਰ ਉਸ ਦਾ ਜੀ ਕਿਤੇ ਨਾ ਲੱਗਾ। ਉਹ ਗੀਤ ਰਚਦਾ ਤੇ ਗਾ ਕੇ ਸੁਣਾਉਂਦਾ ਤਾਂ ਲੋਕ ਝੂਮ ਉਠਦੇ। ਜਵਾਨ ਉਮਰ ਵਿੱਚ ਉਸ ਦੀ ਮੌਤ ਦਾ ਪੰਜਾਬੀ ਜਗਤ ਨੇ ਬਹੁਤ ਸੋਗ ਮਨਾਇਆ।

ਸ਼ਿਵ ਕੁਮਾਰ ਦੀ ਕਵਿਤਾ ਵਿੱਚ ਇਸ਼ਕ. ਹਿਜਰ. ਬਿਰਹੋ ਤੇ ਗ਼ਮ ਦੇ ਵਿਸ਼ੇ ਆਮ ਹਨ। ਉਸ ਦੀ ਕਵਿਤਾ ਵਿੱਚ ਇੱਕ ਆਪ ਮੁਹਾਰਾ ਵੇਗ ਹੈ ਤੇ ਰੋਮਾਂਚਿਕਤਾ ਦਾ ਰੰਗ ਬੜਾ ਤਿੱਖਾ ਹੈ। ਉਸ ਦੇ ਗੀਤਾਂ ਵਿੱਚੋਂ ਪੰਜਾਬੀ ਸਭਿਆਚਾਰ ਦੀ ਸੁਗੰਧੀ ਆਉਂਦੀ ਹੈ। ਉਸ ਦੀ ਰਚਨਾ ਵਿੱਚ ਪ੍ਰਕ੍ਰਿਤੀ ਦਾ ਬੜਾ ਸ਼ਾਨਦਾਰ ਚਿਤਰਨ ਪ੍ਰਾਪਤ ਹੈ।

2

| | | |
|---|---|---|
| ਉਨੀਂਦਰਾ | — | ਨੀਂਦਰ ਦੀ ਅਣਹੋਂਦ |
| ਦਿਉਰ | — | ਛੋਟਾ ਭਰਾ (ਪਤੀ ਦਾ) |
| ਝਕਾਨੀ ਮਾਰਕੇ | — | ਬਹਾਨੇ ਨਾਲ |
| ਸੰਗ | — | ਸ਼ਰਮ |
| ਰੋਹੀ | — | ਉਜਾੜ |
| ਪੁਣਨਾ | — | ਗਾਲ੍ਹਾਂ ਦੇਣਾ |
| ਕੰਤ | — | ਪਤੀ |
| ਸੰਧੂਰੀ | — | ਲਾਲ ਭਾਹ ਮਾਰਨਾ |
| ਕਾੜ੍ਹਿਆ | — | ਉਬਾਲੇ ਦੇ ਦੇ ਕੇ ਸੰਘਣਾ ਕੀਤਾ ਹੋਇਆ |
| ਡੋਰਾ | — | ਧਾਰੀ |

3 ਅੱਖ ਕਾਸ਼ਨੀ ਵਿੱਚ ਸ਼ਿਵ ਕੁਮਾਰ ਨੇ ਉਸ ਨਵੀਂ ਵਿਆਹੀ ਮੁਟਿਆਰ ਦੀ ਭਾਵਨਾ ਪ੍ਰਗਟਾਈ ਹੈ, ਜਿਸ-ਦਾ ਪਤੀ ਲਾਮ ਤੋਂ ਪਰਤਿਆ ਹੈ ਤੇ ਉਸ ਨੂੰ ਸੰਜੋਗ ਦੀ ਕਾਹਲ ਹੈ. ਪਰ ਇੱਕ ਪਾਸੇ ਦਿਉਰ ਉਸ ਨੂੰ ਵੇਖਣ ਲਈ ਬਹਾਨੇ ਬਹਾਨੇ ਘੜੀ-ਮੁੜੀ ਘਰ ਦੇ ਫੇਰੇ ਮਾਰਦਾ ਹੈ ਤੇ ਦੂਜੇ ਪਾਸੇ ਸੱਸ ਉਸ ਦੇ ਭਰਾ ਨੂੰ ਬੁਰਾ- ਭਲਾ ਕਹਿੰਦੀ ਫਿਰਦੀ ਹੈ। ਸਾਂਝੇ ਸਹੁਰੇ ਘਰ ਦੇ ਦੁਖੜਿਆਂ ਵਿੱਚ ਫ਼ਸੀ. ਪਤੀ-ਮੇਲ ਨੂੰ ਉਡੀਕਦੀ ਮੁਟਿਆਰ ਦਾ ਬੜਾ ਵਾਸਤਵਿਕ ਚਿੱਤਰ ਖਿੱਚਿਆ ਹੈ।